# 3-ਲਾਚਿਨ (ਸਿਕਿਮ) - (ਜਿੱਥੇ ਗੋਂਫਾ ਵਿੱਚ ਗੁਰੂ ਨਾਨਕ ਦੇਵ ਜੀ ਦੇ ਵਸਤਰ ਤੇ ਪਦ-ਛਾਪ ਸਾਂਭੇ ਹੋਏ ਹਨ)

ਸੰਨ 1988 ਦੇ ਜੁਲਾਈ ਮਹੀਨੇ ਵਿੱਚ ਸਾਨੂੰ ਗਾਰਡਜ਼ ਰਜਮੈਂਟ ਦੇ ਨਾਲ ਉੱਤਰੀ ਸਿਕਿਮ ਦੇ ਪਲੈਟੋ ਇਲਾਕੇ ਵਿੱਚ ਜਾਣ ਦਾ ਆਦੇਸ਼ ਮਿਲਿਆ। ਅਸੀਂ ਇਸ ਇਲਾਕੇ ਵਿੱਚ ਫੌਜੀ ਮਸ਼ਕਾਂ ਕਰਨੀਆਂ ਸਨ ਤੇ ਉਦੋਂ ਤਕ ਰਹਿਣਾ ਸੀ ਜਦ ਤਕ ਭਾਰੀ ਬਰਫ ਪੈਣ ਦਾ ਅੰਦੇਸ਼ਾ ਨਹੀਂ ਹੋ ਜਾਂਦਾ। ਸੰਨ 1987 ਵਿੱਚ ਦੁਬਾਰਾ ਸਿਕਿਮ ਖੇਤਰ ਵਿੱਚ ਆਇਆ ਸਾਂ ਤੇ ਹੁਣ ਤਕ ਨਵੀਆਂ ਤਬਦੀਲੀਆਂ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਿਆ ਸਾਂ। ਗੰਗਟੋਕ ਤੋਂ ਲਾਚਿਨ ਤਕ ਸੜਕ ਦਾ ਕੰਮ ਤਕਰੀਬਨ ਮੁਕੰਮਲ ਹੋ ਚੁਕਾ ਸੀ ਭਾਵੇਂ ਕਿ ਹਾਲੇ ਵਿਚੋਸ਼ ਵਿੱਚ ਅਜਿਹੇ ਟੁਕੜੇ ਰਹਿ ਗਏ ਸਨ ਜਿਥੋਂ ਦੀ ਫੌਜੀ ਗਡੀਆਂ ਲਈ ਲੰਘਾਉਣਾ ਬਹੁਤ ਮੁਸ਼ਕਿਲ ਹੁੰਦਾ ਸੀ ਪਰ ਅਸੀ ਖੁਸ਼ ਸਾਂ ਕਿ ਚਲੋਂ ਸਾਰਾ ਸਮਾਨ ਗਡੀਆਂ ਤੇ ਜਾ ਰਿਹਾ ਹੈ, ਸਾਡੀਆਂ ਪਿੱਠਾ ਤੇ ਨਹੀਂ।

ਦੋ ਦਿਨ ਦੇ ਲੰਬੇ ਸਫਰ ਪਿਛੋਂ ਅਸੀਂ ਲਾਚਿਨ ਪਹੁੰਚੇ। ਇਥੇ ਸੈਨਿਕ ਟ੍ਰਾਂਜ਼ਿਟ ਕੈਂਪ ਸੀ ਜਿੱਥੇ ਅਸੀ ਸੱਤ ਦਿਨ ਆਪਣੇ ਆਪ ਨੂੰ ਨਵੇਂ ਉਚੇ ਪਰਬਤੀ ਵਾਤਾਵਰਣ ਵਿੱਚ ਢਲਣਾ ਸੀ। ਉਨ੍ਹੀਂ ਦਿਨੀਂ ਇਹ ਤਿਨ ਸਟੇਜਾਂ ਤੇ ਹੁੰਦਾ ਸੀ, ਨੌ ਹਜ਼ਾਰ ਫੁੱਟ ਦੀ ਉਚਾਈ ਤੇ, ਤੇਰਾਂ ਹਜ਼ਾਰ ਫੁੱਟ ਦੀ ਉਚਾਈ ਤੇ ਅਤੇ ਸੋਲਾਂ ਹਜ਼ਾਰ ਦੀ ਉਚਾਈ ਦੇ ਪੜਾਵਾਂ ਤੇ ਸਾਨੂੰ ਹਫਤਾ-ਹਫਤਾ ਭਰ ਰਹਿ ਕੇ ਵਾਤਾਵਰਨ ਵਿੱਚ ਢਲਣਾ ਜ਼ਰੂਰੀ ਹੁੰਦਾ ਸੀ ਜਿਸ ਨੂੰ ਅਕਲੈਮੇਟਾਈਜੇਸ਼ਨ ਕਿਹਾ ਜਾਂਦਾ ਸੀ। ਰੋਜ਼ ਤਕਰੀਬਨ ਅੱਠ-ਦੱਸ ਕਿਲੋਮੀਟਰ ਉਚਾਈ ਵਲ ਪੈਦਲ ਜਾਕੇ ਮੁੜਦੇ ਸਾਂ। ਡਾਕਟਰ ਸਾਨੂੰ ਖਾਣ ਲਈ ਗੋਲੀਆਂ ਵੀ ਦਿੰਦੇ। ਇਸ ਆਉਣ ਜਾਣ ਤੋਂ ਬਿਨਾਂ ਜਾਂ ਸੌਣ ਤੋਂ ਬਿਨਾਂ ਸਾਡਾ ਹੋਰ ਕੋਈ ਖਾਸ ਕੰਮ ਨਹੀਂ ਸੀ ਹੁੰਦਾ।

ਇਨ੍ਹਾਂ ਸੱਤਾਂ ਦਿਨਾਂ ਵਿੱਚ ਮੈਂ ਗੁਰੂ ਨਾਨਕ ਦੇਵ ਜੀ ਦੀ ਪਰਬਤ ਯਾਤਰਾ ਬਾਰੇ ਅਪਣੀ ਅਧੂਰੀ ਖੋਜ ਨੂੰ ਅੱਗੇ ਤੋਰਨ ਲੱਗਾ। ਗੁਰੂ ਨਾਨਕ ਦੇਵ ਜੀ ਦੀ ਏਧਰ ਦੀ ਯਾਤਰਾ ਸਬੰਧੀ ਜੋ ਪੜ੍ਹਿਆ, ਸੁਣਿਆ ਤੇ ਦੇਖਿਆ ਸੀ, ਉਸ ਤੋਂ ਇਹ ਤਾਂ ਯਕੀਨ ਹੋ ਗਿਆ ਸੀ ਕਿ ਗੁਰੂ ਨਾਨਕ ਦੇਵ ਜੀ ਤਿੱਬਤ ਤੋਂ ਹੁੰਦੇ ਹੋਏ ਅਪਣੀ ਸੁਮੇਰ ਯਾਤਰਾ ਪਿਛੋਂ ਸਿਕਿਮ ਆਏ ਸਨ। ਚੁੰਗਥਾਂਗ ਦੇ ਸਥਾਨ ਤੇ ਮੈਨੂੰ ਇਹ ਵੀ ਦਸਿਆ ਗਿਆ ਸੀ ਕਿ ਗੁਰੂ ਨਾਨਕ ਦੇਵ ਜੀ ਲਾਚਿਨ ਰਾਹੀਂ ਹੀ ਚੁੰਗਥਾਂਗ ਪਹੁੰਚੇ ਸਨ। ਲਾਚਿਨ ਉਹ ਕਿਹੜੇ ਰਸਤੇ ਪਹੁੰਚੇ ਸਨ ਤੇ ਏਥੇ ਕੀ ਕੀ ਘਟਨਾਵਾਂ ਤੇ ਥਾਵਾਂ ਨਾਲ ਗੁਰੂ ਨਾਨਕ ਦੇਵ ਜੀ ਦਾ ਸਬੰਧ ਸੀ, ਇਹ ਜਾਣਨ ਲਈ ਮੈਂ ਉਥੋਂ ਦੇ ਲਾਮਿਆਂ ਨੂੰ ਮਿਲਣਾ ਸ਼ੁਰੂ ਕਰ ਦਿਤਾ।

ਮੈਨੂੰ ਉਥੋਂ ਦੇ ਮੁਖ ਗੋਂਫਾ (ਲਾਮਾ ਮੰਦਿਰ) ਤੇ ਉਸ ਦੇ ਪੁਜਾਰੀ ਬਾਰੇ ਦਸਿਆ ਗਿਆ ਸੀ ਕਿ ਉਹ ਲਾਮਾ ਪੁਜਾਰੀ ਗੁਰੂ ਨਾਨਕ ਦੇਵ ਜੀ ਦੀ ਲਾਚਿਨ ਯਾਤਰਾ ਬਾਰੇ ਕੁੱਝ ਜ਼ਰੂਰ ਜਾਣਦਾ ਸੀ। ਮੇਰੇ ਨਾਲ ਇੱਕ ਤਿੱਬਤੀ ਲੜਕਾ ਸੀ ਜਿਸ ਨੂੰ ਮੈ ਦੁਭਾਸ਼ੀਏ ਦੇ ਤੌਰ ਤੇ ਵਰਤ ਰਿਹਾ ਸਾਂ। ਚੜ੍ਹਾਈ ਚੜ੍ਹਦੇ ਅਸੀਂ ਉਸ ਗੋਂਫੇ ਵਿੱਚ ਪਹੁੰਚੇ ਜੋ ਪਰਬਤ ਦੀ ਗੁੱਠੇ, ਲਾਚਿਨ ਦੇ ਉਤਰ ਵਲ, ਇੱਕ ਛੋਟੇ ਜਿਹੇ ਰਸਤੇ ਦੇ ਅਖੀਰ ਤੇ ਬਣਿਆ ਹੋਇਆ ਸੀ। ਉਚੇ ਬਾਂਸਾਂ ਤੇ ਝੂਲਦੇ ਚਿੱਟੇ ਬੋਧੀ ਝੰਡਿਆਂ ਉੱਤੇ ਤਿੱਬਤੀ ਭਾਸ਼ਾ ਵਿੱਚ ਲਿਖਿਆ ਓਮ ਮਨੀ ਪਦਮੇ ਹਮ ਹਵਾ ਵਿੱਚ ਲਹਿਰਾਉਂਦੇ ਦੂਰੋਂ ਦੂਰੋਂ ਦੇਖੇ ਜਾ ਸਕਦੇ ਸਨ, ਜੋ ਸਾਡੇ ਰਾਹਨੁਮਾ ਸਨ।

ਅਸੀਂ ਇੱਕ ਚਾਰ ਦੀਵਾਰੀ ਦਾ ਦਵਾਰ ਨਿਕਲ ਕੇ ਇੱਕ ਅਤਿ ਸੁੰਦਰ ਵਿਸ਼ਾਲ ਭਵਨ ਅੱਗੇ ਆ ਗਏ ਜਿੱਥੇ ਉੱਥੋਂ ਦਾ ਮੁੱਖ ਲਾਮਾ ਸਾਨੂੰ ਖੁਲ੍ਹੇ ਦਿਲ ਨਾਲ ਮਿਲਿਆ। ਉਹ ਤਿੱਬਤੀ ਮੂਲ ਦਾ ਸੀ ਪਰ ਏਧਰ ਉਸਦੇ ਬਜ਼ੁਰਗ ਆਕੇ ਵਸ ਗਏ ਸਨ ਜੋ ਕਦੇ ਤਿੱਬਤ ਚਲੇ ਜਾਂਦੇ ਤੇ ਫਿਰ ਸਿਕਿਮ ਪਰਤਦੇ ਰਹੇ। ਤਿੱਬਤ ਦੀ ਹੱਦ ਨੇੜੇ ਹੀ ਸੀ ਸੰਨ 1962 ਤੋਂ ਪਹਿਲਾਂ ਉਨ੍ਹਾਂ ਉੱਤੇ ਤਿੱਬਤ ਆਉਣ ਜਾਣ ਦੀ ਕੋਈ ਬਹੁਤੀ ਰੋਕ ਟੋਕ ਨਹੀਂ ਸੀ ਤੇ ਉਹ ਲੋੜ ਅਨੁਸਾਰ ਅਪਣਾ ਥਾਂ ਬਦਲਦੇ ਰਹਿੰਦੇ ਸਨ। ਭਾਰਤ-ਚੀਨ ਦੀ 1962 ਦੀ ਜੰਗ ਪਿਛੋਂ ਉਹ ਏਧਰ ਹੀ ਟਿਕ ਗਏ ਸਨ ਕਿਉਂਕਿ ਹੱਦਾਂ ਉਤੇ ਸਖਤਾਈ ਸ਼ੁਰੂ ਹੋ ਗਈ ਸੀ ਤੇ ਉਹ ਹੁਣ ਖੁਲ੍ਹਮ ਖੁਲ੍ਹਾ ਤਿੱਬਤ ਨਹੀਂ ਸਨ ਜਾ ਸਕਦੇ ਪਰ ਤਿੱਬਤ ਨਾਲ ਉਨ੍ਹਾਂ ਦਾ ਮੋਹ ਉਵੇਂ ਬਰਕਰਾਰ ਸੀ।

ਉਸ ਨੂੰ ਮੈ ਦੁਭਾਸ਼ੀਏ ਰਾਹੀਂ ਅਪਣੇ ਉੱਸ ਥਾਂ ਆਉਣ ਦਾ ਮਕਸਦ ਦੱਸਿਆ ਤੇ ਬਿਨੈ ਕੀਤੀ ਕਿ ਉਹ ਗੁਰੂ ਨਾਨਕ ਦੇਵ ਜੀ ਬਾਰੇ ਜੋ ਜਾਣਦਾ ਸੀ ਉਸ ਤੋਂ ਸਾਨੂੰ ਜਾਣੂ ਕਰਾਵੇ। ਉਹ ਮੇਰਾ ਮਕਸਦ ਜਾਣ ਕੇ ਬੜਾ ਖੁਸ਼ ਹੋਇਆ ਤੇ ਹੋਰ ਖੁਲ੍ਹ ਗਿਆ। ਉਸਨੇ ਗੁਰੂ ਨਾਨਕ ਦੇਵ ਜੀ ਦੀ ਸਿਕਿਮ ਯਾਤਰਾ ਬਾਰੇ ਜੋ ਦੱਸਿਆ ਉਹ ਚੁੰਗਥਾਂਗ ਲਾਮਾ ਦੇ ਬਿਆਨ ਨਾਲ ਤਕਰੀਬਨ ਮੇਲ ਖਾਂਦਾ ਸੀ। ਉਸ ਅਨੁਸਾਰ ਵੀ ਗੁਰੂ ਨਾਨਕ ਦੇਵ ਜੀ ਤਿਬਤ ਤੋਂ ਸਾਕਿਆ ਮੱਠ ਹੁੰਦੇ ਹੋਏ ਗੁਰੂ ਡਾਂਗਮਾਰ ਤੇ ਥਾਂਗੂ ਪਿਛੋਂ ਲਾਚਿਨ ਪਹੁੰਚੇ ਸਨ। ਏਸ ਇਲਾਕੇ ਵਿੱਚ ਗੁਰੂ ਨਾਨਕ ਦੇਵ ਜੀ (ਗੁਰੂ ਨਾਨਕ ਦੇਵ ਜੀ ਨੂੰ ਉਹ ਨਾਨਕ ਲਾਮਾ ਕਹਿੰਦਾ ਸੀ) ਦੀ ਯਾਦ ਵਿੱਚ ਇਸ ਇਲਾਕੇ ਵਿੱਚ ਬੜੇ ਸਥਾਨ ਹਨ।





ਲਾਚਿਨ ਗੋਂਫਾ (ਲਾਮਾ ਮੰਦਿਰ) ਜਿਥੇ ਗੁਰੂ ਨਾਨਕ ਦੇਵ ਦੀਆਂ ਵਸਤਾਂ ਸੰਭਾਲੀਆਂ ਹੋਈਆਂ ਹਨ

ਗੋਂਫਾ ਵਲ ਇਸ਼ਾਰਾ ਕਰਦਿਆਂ ਉਸ ਦਸਿਆ ਕਿ ਏਥੇ ਅਸੀਂ ਗੁਰੂ ਨਾਨਕ ਦੇਵ ਜੀ ਦੀਆਂ ਯਾਦਗਾਰੀ ਵਸਤਾਂ ਸੰਭਾਲ ਕੇ ਰਖੀਆਂ ਹੋਈਆ ਹਨ। ਇਨ੍ਹਾਂ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਤਿਬਤ ਦੇ ਰਾਜੇ ਵਲੋਂ ਭੇਟ ਕੀਤੇ ਗਏ ਉਹ ਵਸਤਰ ਵੀ ਹਨ ਜੋ ਤਿਬਤੀ ਰਾਜੇ ਨੇ ਸਾਕਿਆ ਵਿਖੇ ਭੇਟ ਕੀਤੇ ਸਨ। ਗੁਰੂ ਜੀ ਦਾ ਕਮੰਡਲ ਤੇ ਇੱਕ ਪੱਥਰ ਉਤੇ ਛਪੇ ਗੁਰੂ ਜੀ ਦੇ ਚਰਨ ਛਾਪ ਵੀ ਸੰਭਾਲੇ ਪਏ ਹਨ।

ਚਰਨ ਛਾਪ ਬਾਰੇ ਦਸਦਿਆਂ ਉਸ ਕਿਹਾ ਕਿ ਇਹ ਚਰਨ ਛਾਪ ਪਹਿਲਾਂ ਥਾਂਗੂ ਦੇ ਨੇੜੇ ਇੱਕ ਪੱਥਰ ਉਤੇ ਸਨ। ਇਸ ਪੱਥਰ ਦੀ ਅਸੀਂ ਪੂਜਾ ਕਰਨ ਜਾਂਦੇ ਹੁੰਦੇ ਸਾਂ ਪਰ ਸੜਕ ਬਣਾਉਣ ਵਾਲੇ ਗਰਿਫ ਦੇ ਜਵਾਨਾਂ ਨੂੰ ਇਸ ਬਾਰੇ ਪਤਾ ਨਹੀਂ ਸੀਂ। ਉਨ੍ਹਾਂ ਨੇ ਸੜਕ ਬਣਾਉਣ ਵੇਲੇ ਇਸ ਪੱਥਰ ਨੂੰ ਬਰੂਦ ਨਾਲ ਉੜਾ ਦਿਤਾ। ਜਦ ਅਸੀਂ ਇਸ ਥਾਂ ਦੀ ਪੂਜਾ ਲਈ ਪਹੁੰਚੇ ਤਾਂ ਪੱਥਰ ਨੂੰ ਗਾਇਬ ਪਾਇਆ। ਅਸੀਂ ਬਹੁਤ ਦੁਖੀ ਹੋਏ ਤੇ ਗੁਰੂ ਜੀ ਦੇ ਚਰਨ ਚਿੰਨ੍ਹਾਂ ਲਈ ਸਾਰੇ ਇਕਠੇ ਲੋਕ ਬੜੀ ਉਤਸੁਕਤਾ ਨਾਲ ਭਾਲ ਕਰਨ ਲੱਗੇ।

ਆਖਰ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਛਾਪ ਵਾਲਾ ਪੱਥਰ ਦਾ ਹਿਸਾ ਤੀਸਤਾ ਨਦੀ ਵਿਚੋਂ ਮਿਲਿਆ ਜਿਸ ਨੂੰ ਉਥੋਂ ਲਿਆਕੇ ਗੋਂਫਾ ਵਿੱਚ ਸਥਾਪਿਤ ਕੀਤਾ ਗਿਆ। ਇੰਜ ਪੱਥਰ ਤੇ ਉੱਕਰੇ ਚਰਨ ਛਾਪ ਦੀ ਹੁਣ ਇਸ ਗੋਂਫਾ ਵਿੱਚ ਵਿਧੀ ਵਤ ਪੂਜਾ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਜਦ ਥਾਂਗੂ ਤੋਂ ਏਥੇ ਆਏ ਤੇ ਕੁੱਝ ਚਿਰ ਉਸ ਪਹਾੜੀ ਉਤੇ ਰਹੇ ਜਿਥੇ ਗੋਂਫਾ ਹੈ ਤਾਂ ਇੱਥੋ ਦੇ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਦੀ ਬੜੀ ਆਉ ਭਗਤ ਕੀਤੀ। ਗੁਰੂ ਨਾਨਕ ਦੇਵ ਜੀ ਨੇ ਰਾਜੇ ਦੇ ਭੇਂਟ ਕੀਤੇ ਵਸਤਰ ਤੇ ਕਮੰਡਲ ਏਥੋਂ ਦੇ ਲੋਕਾਂ ਨੂੰ ਦੇ ਦਿਤੇ। ਗੁਰੂ ਨਾਨਕ ਦੇਵ ਜੀ ਛੇਤੀ ਹੀ ਇਸ ਪੂਰੇ ਇਲਾਕੇ ਵਿੱਚ ਜਾਣੇ ਜਾਣ ਲੱਗੇ ਤੇ ਉਨ੍ਹਾਂ ਦੀ ਮਾਨਤਾ ਹੋਣ ਲੱਗੀ। ਬਾਦ ਵਿੱਚ ਜਦ ਇਹ ਗੋਂਫਾ ਬਣਿਆ ਤਾਂ ਇੱਕ ਕਮੰਡਲ, ਬਸਤਰ ਤੇ ਗੁਰੂ ਨਾਨਕ ਦੇਵ ਜੀ ਦੇ ਚਰਨ ਚਿੰਨ੍ਹ ਇਥੋਂ ਦੀ ਪੂਜਾ ਦਾ ਮੁੱਖ ਅੰਸ਼ ਬਣ ਗਏ। ਗੁਰੂ ਨਾਨਕ ਦੇਵ ਜੀ ਦੀ ਨਾਨਕ-ਲਾਮਾ ਦੇ ਰੂਪ ਵਿੱਚ ਮੂਰਤੀ ਵੀ ਸਥਾਪਿਤ ਕੀਤੀ ਗਈ ਹੈ ਜਿਸ ਦੀ ਇਥੋ ਦੇ ਲੋਕ ਬੜੀ ਸ਼ਰਧਾ ਨਾਲ ਪੂਜਾ ਕਰਦੇ ਹਨ।

ਉਸ ਤੋਂ ਗੁਰੂ ਨਾਨਕ ਦੇਵ ਜੀ ਦੀ ਏਧਰ ਦੀ ਯਾਤਰਾ ਤੇ ਯਾਦ ਚਿੰਨ੍ਹਾਂ ਦੀ ਜਾਣਕਾਰੀ ਮੇਰੇ ਲਈ ਇੱਕ ਚਾਅ ਦਾ ਮੌਕਾ ਸੀ। ਮੈਂ ਬੜਾ ਉਤਸਕ ਸਾਂ ਕਿ ਉਨ੍ਹਾਂ ਯਾਦਗਾਰੀ ਚਿਨ੍ਹਾਂ ਦੇ ਦਰਸ਼ਨ ਕਰਾਂ ਜੋ ਗੁਰੂ ਜੀ ਨਾਲ ਸਬੰਧਤ ਦੱਸੇ ਗਏ ਸਨ।

ਲਾਮੇ ਨੇ ਵੀ ਬੜੇ ਚਾਅ ਨਾਲ ਸਾਨੂੰ ਸਭ ਤੋਂ ਪਹਿਲਾਂ ਉਹ ਥਾਂ ਵਿਖਾਈ ਜਿੱਥੇ ਗੁਰੂ ਨਾਨਕ ਦੇਵ ਜੀ ਦੇ ਵਸਤਰ ਸੰਭਾਲੇ ਹੋਏ ਸਨ। ਸ਼ੀਸ਼ ਮਹਿਲ ਨੁਮਾ ਕਮਰੇ ਦੇ ਬਾਹਰੋਂ ਹੀ ਗੁਰੂ ਜੀ ਨਾਲ ਸਬੰਧਤ ਇਨ੍ਹਾਂ ਵਸਤਰਾਂ ਦੇ ਦਰਸ਼ਨ ਕੀਤੇ ਜਾ ਸਕਦੇ ਸਨ।



ਤਿਬਤ ਰਾਜੇ ਦੇ ਗੁਰੂ ਨਾਨਕ ਦੇਵ ਜੀ ਨੂੰ ਭੇਟ ਕੀਤੇ ਵਸਤਰ

ਮੁੱਖ ਤੌਰ ਤੇ ਇੱਕ ਲੰਬਾ ਚੋਗਾ ਸੀ ਜਿਸ ਤੇ ਨੀਲੀ ਕਢਾਈ ਸੀ। ਨੀਲੇ ਤੇ ਲਾਲ ਰੰਗ ਦੇ ਪਹਿਰਨ ਚੋਗੇ ਉਪਰੋਂ ਪਾਉਣ ਲਈ ਸਨ।



ਤਿਬਤ ਰਾਜੇ ਦੇ ਗੁਰੂ ਨਾਨਕ ਦੇਵ ਜੀ ਨੂੰ ਭੇਟ ਕੀਤੇ ਵਸਤਰ

ਇਨ੍ਹਾਂ ਨੂੰ ਬੜੀ ਸ਼ਰਧਾ ਤੇ ਧਿਆਨ ਨਾਲ ਸੰਭਾਲਿਆ ਗਿਆ ਸੀ। ਇਨ੍ਹਾਂ ਵਸਤਰਾਂ ਦੀ ਛੂਹ ਨਾਲ ਜਿਵੇਂ ਮੈਂ ਆਪਣੇ ਆਪ ਨੂੰ ਧੰਨ ਸਮਝਿਆ। ਇਨ੍ਹਾਂ ਵਸਤਰਾਂ ਦੀਆਂ ਤਸਵੀਰਾਂ ਲਈਆਂ ਜੋ ਨਾਲ ਦਿਤੇ ਚਿਤਰਾਂ ਵਿੱਚ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਵਸਤਰਾਂ ਦੇ ਬੇਸ਼ਕੀਮਤੀ ਹੋਣ ਦਾ ਤੇ ਕਾਰੀਗਰੀ ਦੇ ਕਮਾਲ ਦੇ ਪਤਾ ਵੇਖਿਆਂ ਤੇ ਹੀ ਲੱਗ ਸਕਦਾ ਹੈ। ਬੇਸ਼ਕ ਇਹ ਵਸਤਰ ਕਿਸੇ ਰਾਜੇ ਦੇ ਹੀ ਭੇਟ ਕੀਤੇ ਹੋ ਸਕਦੇ ਹਨ ਕਿਉਂਕਿ ਏਧਰ ਲੋਕ ਏਨੇ ਅਮੀਰ ਨਹੀਂ ਕਿ ਇਤਨੇ ਮਹਿੰਗੇ ਵਸਤਰ ਬਣਾ ਸਕਣ। ਪਰ ਧੰਨ ਗੁਰੂ ਜੀ ਜਿਨ੍ਹਾਂ ਨੇ ਇਨ੍ਹਾਂ ਮਹਿੰਗੇ ਵਸਤਰਾਂ ਨੂੰ ਵੀ ਆਮ ਲੋਕਾਂ ਦੀ ਭੇਟ ਕਰ ਦਿਤਾ ਤੇ ਆਪ ਪਹਿਨਣਾ ਠੀਕ ਨਾ ਸਮਝਿਆ।

ਫਿਰ ਉਸ ਨੇ ਸਾਨੂੰ ਵਿਸ਼ਾਲ ਮੂਰਤੀਆਂ ਦੇ ਦਰਸ਼ਨ ਕਰਵਾਏ। ਇਨ੍ਹਾਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਤਕਰੀਬਨ ਅੱਠ ਫੁੱਟ ਦੀ ਵਿਸ਼ਾਲ ਮੂਰਤੀ ਵੀ ਸਥਾਪਤ ਸੀ ਜਿਸ ਦਾ ਚਿਤਰ ਵੀ ਥੱਲੇ ਵਿੱਚ ਦਰਜ਼ ਹੈ। ਗੁਰੂ ਨਾਨਕ ਦੇਵ ਜੀ ਨੂੰ ਜਿਸ ਰੂਪ ਵਿੱਚ ਵਿਖਾਇਆ ਗਿਆ ਉਹ ਤਿੱਬਤੀ ਧਾਰਣਾ ਅਨੁਸਾਰ ਸੀ ਨਾ ਕਿ ਉਸ ਤਰ੍ਹਾਂ ਦਾ ਜਿਸ ਤਰ੍ਹਾਂ ਦਾ ਕਿਆਸ ਕੇ ਸ: ਸੋਭਾ ਸਿੰਘ ਆਰਟਿਸਟ ਨੇ ਚਿਤਰ ਬਣਾਇਆ ਸੀ ਤੇ ਅਜ ਕਲ ਹਰ ਸਿੱਖ ਘਰ ਦਾ ਸ਼ਿੰਗਾਰ ਹੈ। ਇਹ ਚਿਤਰ ਜਿਆਦਾ ਤਰ ਬੋਧੀ ਸਾਧੂਆਂ ਵਰਗਾ ਸੀ। ਪਰ ਕੇਸਾਂ ਦੀ ਹੋਂਦ ਇਸ ਮੂਰਤੀ ਦੀ ਬਾਕੀ ਮੂਰਤੀਆਂ ਨਾਲੋਂ ਵਿਲੱਖਣਤਾ ਦੇਂਦੀ ਸੀ।



ਲਾਚਿਨ ਗੋਂਫਾ ਵਿੱਚ ਗੁਰੂ ਨਾਨਕ ਦੇਵ ਜੀ ਦੀ ਮੂਰਤੀ

ਗੁਰੂ ਨਾਨਕ ਦੇਵ ਜੀ ਅੱਗੇ ਸ਼ਰਧਾ ਸੁਮਨ ਭੇਟ ਕਰ ਉਹ ਸਾਨੂੰ ਉਸ ਥਾਂ ਲੈ ਗਿਆ ਜਿੱਥੇ ਗੁਰੂ ਨਾਨਕ ਦੇਵ ਜੀ ਦਾ ਕਮੰਡਲ ਤੇ ਚਰਨ ਛਾਪ ਸੰਭਾਲੇ ਪਏ ਸਨ। ਇਸ ਵਿਸ਼ਾਲ ਭਵਨ ਦੇ ਮੁੱਖ ਭਵਨ ਵਿੱਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਨ੍ਹਾਂ ਵਸਤਾਂ ਨੂੰ ਸਾਰੇ ਗੋਂਫਾਂ ਦੇ ਮੁੱਖ ਪੂਜ ਅਸਥਾਨ ਤੇ ਰਖਿਆ ਗਿਆ ਸੀ।



ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਵਸਤਾਂ ਦੀ ਸੰਭਾਲ

ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਛਾਪ ਇੱਕ ਪੱਥਰ ਉਤੇ ਉੱਕਰੀ ਹੋਈ ਸੀ। ਛਾਪ ਬਿਲਕੁਲ ਸਾਫ ਸੀ ਤੇ ਇਸ ਵਿੱਚ ਕੋਈ ਵੀ ਸ਼ਕ ਨਹੀਂ ਕੀਤਾ ਜਾ ਸਕਦਾ ਕਿ ਇਹ ਚਰਨ ਚਿੰਨ ਇਨਸਾਨੀ ਪੈਰਾਂ ਦੇ ਨਿਸ਼ਾਨ ਨਹੀਂ।



ਇਕ ਪੱਥਰ ਉੱਪਰ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਛਾਪ

ਉਪਰ ਦਿਤੀ ਤਸਵੀਰ ਵਿੱਚ ਇਹ ਸਾਫ ਦੇਖਿਆ ਜਾ ਸਕਦਾ ਹੈ। ਗੁਰੂ ਜੀ ਦੇ ਇਹ ਚਰਨ ਛਾਪ ਗੁਰੂ ਜੀ ਦੇ ਬਾਕੀ ਵੇਖੀਆਂ ਚਰਨ ਛਾਪਾਂ ਨਾਲ ਮਿਲਦੀ ਸੀ। ਅਪਣੇ ਸਿਰ ਨੂੰ ਗੁਰੂ ਜੀ ਦੇ ਇਸ ਚਰਨ ਛਾਪ ਨੂੰ ਛੂਹਾ ਮੈਂ ਆਪਣੇ ਆਪ ਨੂੰ ਇੱਕ ਨਵੀਂ ਰੂਹ ਨਾਲ ਭਰਿਆਂ ਮਹਿਸੂਸ ਕੀਤਾ ਜਿਵੇਂ ਕੁੱਝ ਅਣੋਖਾ, ਕੁੱਝ ਅਨੂਠਾ ਪ੍ਰਾਪਤ ਕੀਤਾ ਹੋਵੇ।
ਨਾਲ ਹੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਕਮੰਡਲ ਵੀ ਪਈ ਸੀ। ਇਹ ਕਮੰਡਲ ਵੀ ਬੜੀ ਚੰਗੀ ਤਰ੍ਹਾਂ ਸੰਭਾਲੀ ਹੋਈ ਸੀ ਤੇ ਤਕਰੀਬਨ ਇੱਕ ਆਮ ਗੜਵੇ ਤੋਂ ਦੁੱਗਣੀ ਸੀ। ਲਗਦਾ ਹੈ ਗੁਰੂ ਨਾਨਕ ਦੇਵ ਜੀ ਜਲ ਖਾਤਰ ਇਸ ਕਮੰਡਲ ਦੀ ਵਰਤੋਂ ਕਰਦੇ ਰਹੇ ਹੋਣ। ਜਨਮ ਸਾਖੀਆਂ ਵਿੱਚ ਦਿੱਤੇ ਗਏ ਵਰਨਣਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਜਾਂ ਉਸ ਦੇ ਸਾਥੀਆਂ ਕੋਲ ਕਮੰਡਲ ਹੋਣ ਦਾ ਕਿਧਰੇ ਵੀ ਵਰਨਣ ਨਹੀਂ। ਸ਼ਾਇਦ ਇਹ ਕਮੰਡਲ ਗੁਰੂ ਜੀ ਨੇ ਇਸ ਇਲਾਕੇ ਵਿੱਚ ਪਾਣੀ ਲਈ ਖਾਸ ਤੌਰ ਤੇ ਨਾਲ ਲੀਤੀ ਹੋਵੇ ਜਾਂ ਫਿਰ ਇਥੋਂ ਦੇ ਵਾਸੀਆਂ ਨੇ ਹੀ ਇਸ ਨੂੰ ਦੂਸਰੀਆਂ ਯਾਦਗਾਰੀ ਵਸਤਾਂ ਨਾਲ ਸ਼ਾਮਿਲ ਕਰ ਦਿਤਾ ਹੋਵੇ। ਇਹ ਹੋਰ ਖੋਜ ਦਾ ਮੁਹਤਾਜ ਹੈ।



ਲਾਚਿਨ ਗੋਂਫਾ ਵਿੱਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਕਮੰਡਲ

ਜਿਸ ਗੋਂਫਾ ਵਿੱਚ ਇਹ ਵਸਤਾਂ ਸਨ ਇਹ ਇੱਕ ਵਿਸ਼ਾਲ ਦੁਮੰਜ਼ਿਲਾ ਭਵਨ ਸੀ। ਗੂੜ੍ਹੇ ਰੰਗਾਂ ਵਿੱਚ ਕੀਤੀ ਤਿੱਬਤੀ ਕਲਾਕਾਰੀ ਹਰ ਦੀਵਾਰ ਉਤੇ ਆਪਣੇ ਕਮਾਲ ਵਿਖਾ ਰਹੀ ਸੀ। ਤਰ੍ਹਾਂ ਤਰ੍ਹਾਂ ਦੇ ਦ੍ਰਿਸ ਇਨ੍ਹਾਂ ਦੀਵਾਰਾਂ ਉਤੇ ਛਾਪੇ ਹੋਏ ਸਨ। ਪਰ ਉਸ ਲਾਮੇ ਨੇ ਗੁਰੂ ਨਾਲ ਸਬੰਧਤ ਕਿਸੇ ਚਿਤਰ ਦਾ ਵਰਨਣ ਨਹੀਂ ਕੀਤਾ। ਉਸ ਦੱਸਿਆ ਕਿ ਜ਼ਿਆਦਾ ਚਿਤਰ ਬੋਧ ਜਾਤਕ ਕਥਾਵਾਂ ਨਾਲ ਸਬੰਧਿਤ ਹਨ। ਗੁਰੂ ਨਾਨਕ ਨਾਲ ਸਬੰਧਤ ਚਿਤਰ ਲਾਚੁੰਗ ਦੇ ਗੋਂਫਾ ਵਿੱਚ ਹਨ ਜਿਨ੍ਹਾਂ ਨੂੰ ਹਰ ਦਿਵਾਰ ਤੇ ਤਿੱਬਤੀ ਪੇਂਟਿੰਗ ਵਿੱਚ ਚਿਤਰਿਆ ਗਿਆ ਹੈ।





ਲਾਚਿਨ ਗੋਂਫਾ ਵਿੱਚ ਹੱਥ ਲਿਖਤਾਂ ਤੇ ਹੋਰ ਵਸਤਾਂ ਦੀ ਸੰਭਾਲ

ਉਸ ਨੇ ਇਹ ਵੀ ਦਸਿਆ ਕਿ ਗੁਰੂ ਨਾਨਕ ਦੇਵ ਜੀ ਸਬੰਧੀ ਉਨ੍ਹਾਂ ਦੀਆਂ ਧਾਰਮਿਕ ਪੁਸਤਕਾਂ ਵਿੱਚ ਵੀ ਦਰਜ਼ ਹੈ ਤੇ ਉਹ ਕੋਸ਼ਿਸ਼ ਕਰੇਗਾ ਕਿ ਉਹ ਕਿਤਾਬਾਂ ਲੱਭ ਸਕੇ। ਇਹ ਕਿਤਾਬਾਂ ਤਿਬਤ ਵਿੱਚ ਵੀ ਹਨ।
ਉਸ ਨੇ ਥਾਂਗੂ ਗੋਂਫਾ ਬਾਰੇ ਦਸਦਿਆਂ ਕਿ ਥਾਂਗੂ ਗੋਂਫਾ ਪਹਾੜੀ ਦੀ ਗੁੱਠੇ ਇੱਕ ਨਗ ਦੀ ਤਰ੍ਹਾਂ ਜੜਿਆ ਹੋਇਆ ਸੀ ਜਿਥੋਂ ਤਕ ਜਾਣ ਲਈ ਲਾਚਿਨ ਦੀ ਦੱਖਣੀ ਵੱਖੀ ਵਲੋਂ ਦੀ ਪਰਬਤ ਕੱਟ ਕੇ ਇੱਕ ਕੱਚੀ ਸੜਕ ਬਣੀ ਹੋਈ ਹੈ। ਇਹ ਇਥੋਂ ਦਾ ਮੁਖ ਗੋਂਫਾ ਹੋ ਪੁਛ ਪੜਤਾਲ ਮਗਰੋਂ ਆਸਾਨੀ ਨਾਲ ਉਥੇ ਪਹੁੰਚਿਆ ਜਾ ਸਕਦਾ ਹੈ।
ਪੁਜਾਰੀ ਲਾਮੇ ਨੇ ਥਾਂਗੂ ਬਾਰੇ ਹੋਰ ਦਸਦਿਆਂ ਕਿਹਾ ਕਿ ਉਥੋ ਦੇ ਮੁਖ ਗੋਂਫੇ ਵਿੱਚ ਗੁਰੂ ਨਾਨਕ ਦੀ ਯਾਦ ਵਿੱਚ ਇੱਕ ਹਜ਼ਾਰ ਇੱਕ ਮੂਰਤੀਆਂ ਰਖੀਆਂ ਗਈਆਂ ਹਨ ਤੇ ਇੱਕ ਛੋਟੇ ਮੱਠ ਅੰਦਰ ਵੀ ਗੁਰੂ ਨਾਨਕ ਦੇਵ ਜੀ ਦੀਆਂ 1001 ਮੂਰਤੀਆਂ ਸੰਭਾਲੀਆਂ ਹੋਈਆਂ ਹਨ।
ਗੁਰੂ ਡਾਂਗਮਾਰ ਬਾਰੇ ਦਸਦਿਆਂ ਉਸਨੇ ਗੁਰੂ ਨਾਨਕ ਦੇਵ ਜੀ ਦੀ ਝੀਲ ਵਿੱਚ ਡਾਂਗ ਮਾਰ ਕੇ ਪਾਣੀ ਕੱਢਣ ਦੀ ਗਾਥਾ ਨੂੰ ਹੀ ਦਸਦਿਆਂ ਕਿਹਾ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਇਸ ਸਥਾਨ ਉਪਰ ਆਉਣ ਦੀ ਮਿਤੀ ਨੂੰ ਮੇਲੇ ਦੇ ਰੂਪ ਵਿੱਚ ਮਨਾਉਂਦੇ ਹਨ ਤੇ ਝੀਲ ਉਪਰ ਤੇ ਆਸ ਪਾਸ ਦੀਆਂ ਪਹਾੜੀਆਂ ਉਪਰ ਬੋਧੀ ਝੰਡੇ ਝੁਲਾਉਂਦੇ ਹਨ।
ਮੈ ਜਿਤਨਾ ਚਿਰ ਲਾਚਿਨ ਰਿਹਾ ਤੇ ਜਦ ਵੀ ਦੁਬਾਰਾ ਲਾਚਿਨ ਆਇਆ ਗੋਂਫਾ ਵਿੱਚ ਗਿਆ ਤੇ ਗੁਰੂ ਜੀ ਦੇ ਯਾਦਗਾਰੀ ਚਿੰਨ੍ਹਾਂ ਨੂੰ ਸ਼ਰਧਾ ਫੁਲ ਭੇਟ ਕੀਤੇ। ਦਿੱਲੀ ਦੇ ਸਿੱਖ ਜਥੇ ਹੁਣ ਏਥੇ ਹਰ ਸਾਲ ਆਉਂਦੇ ਹਨ।

## 4-ਥਾਂਗੁ (ਸਿਕਿਮ) - (ਜਿੱਥੇ ਗੋਂਫਾ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ 1001 ਮੂਰਤੀਆਂ ਦੀ ਪੂਜਾ ਹੁੰਦੀ ਹੈ)

ਲਾਚਿਨ ਤੋਂ ਸਾਡਾ ਅਗਲਾ ਪੜਾ ਥਾਂਗੂ ਸੀ। ਥਾਂਗੂ ਟ੍ਰਾਂਜ਼ਿਟ ਕੈਂਪ ਵਿੱਚ ਵੀ ਅਸੀਂ ਸੱਤ ਦਿਨ ਦਾ ਅਕਲਮੇਟਾਈਜ਼ੇਸ਼ਨ (ਵਾਤਾਵਰਨ ਵਿੱਚ ਢਲਣਾ, ਪਰਬਤੀ ਉਚਾਈਆਂ ਵਿੱਚ ਹਵਾ ਦੀ ਘਾਟ ਕਰਕੇ ਸਰੀਰ ਨੂੰ ਘਟ ਹਵਾ ਤੇ ਠੰਢ ਸਹਿਣ ਯੋਗ ਬਣਾਉਣਾ) ਕਰਨਾ ਸੀ। ਇਥੇ ਵੀ ਅਸੀਂ ਜ਼ਿਆਦਾ ਤਰ ਕੁੱਝ ਕਿਲੋਮੀਟਰ ਚੱਲਣ ਤੋਂ ਸਿਵਾ ਖਾ ਪੀ ਅਤੇ ਸੌਂ ਕੇ ਹੀ ਦਿਨ ਗੁਜ਼ਾਰਦੇ ਸਾਂ। ਮੌਸਮ ਸਾਫ ਹੋ ਚਲਿਆ ਸੀ ਪਰ ਜਿਸ ਦਿਨ

ਬਾਰਿਸ਼ ਹੁੰਦੀ, ਸਾਰਾ ਦਿਨ ਅਸਮਾਨ ਬੱਦਲਾਂ ਵਿੱਚ ਘਿਰਿਆ ਰਹਿੰਦਾ। ਆਸੇ ਪਾਸੇ ਦੀਆਂ ਪਹਾੜੀਆਂ ਤੇ ਬਰਫ਼ ਅਜੇ ਵੀ ਲਿਸ਼ਕਾਰੇ ਮਾਰਦੀ ਸੀ। ਏਥੇ ਦੀ ਉਚਾਈ 13000 ਫੁੱਟ ਹੈ। ਸਾਹ ਲੈਣ ਵਿੱਚ ਕਾਫੀ ਤਕਲੀਫ ਆਉਂਦੀ ਸੀ। ਕਦੇ ਕਦੇ ਚੱਕਰ ਵੀ ਆਉਣ ਲੱਗ ਪੈਂਦੇ। ਖਾਣਾ ਬੜਾ ਘੱਟ ਖਾ ਸਕਦੇ ਸਾਂ। ਦਿਨ ਪੂਰਾ ਕਰਨਾ ਕੈਦ ਦੀ ਜ਼ਿੰਦਗੀ ਤੋਂ ਵੀ ਬਦਤਰ ਸੀ। ਦਿਨ ਰਾਤ ਸਿਗੜੀਆਂ ਦੀ ਅੱਗ ਸੇਕ ਕੇ ਠੰਢ ਤੋਂ ਬਚਾ ਹੁੰਦਾ ਸੀ। ਠੰਢੀ ਹਵਾ ਵਿੱਚ ਬਾਹਰ ਨਿਕਲਦੇ ਤਾਂ ਮੁੱਛਾਂ ਤੇ ਬਰਫ ਜੰਮਣ ਤਕ ਜਾਂਦੀ।




ਬਰਫ ਨਾਲ ਢਕਿਆ ਥਾਂਗੂ

ਇਸ ਸਮੇਂ ਦਾ ਫਾਇਦਾ ਉਠਾਉਣ ਲਈ ਮੈਂ ਗੁਰੂ ਨਾਨਕ ਦੇਵ ਜੀ ਬਾਰੇ ਲਾਚਿਨ ਤੋਂ ਮਿਲੀ ਜਾਣਕਾਰੀ ਨੂੰ ਵਰਤ ਕੇ ਏਥੇ ਦੇ ਸੂਝਵਾਨ ਵਿਅਕਤੀਆਂ ਨੂੰ ਮਿਲਣਾ ਸ਼ੁਰੂ ਕਰ ਦਿਤਾ। ਪਹਾੜੀ ਉਪਰ ਇੱਕ ਲਾਮਾ ਮੰਦਿਰ (ਗੋਂਫਾ) ਸੀ ਜਿਸ ਤੇ ਜਾਣ ਲਈ ਤਕਰੀਬਨ ਅੱਧਾ ਕੁ ਘੰਟਾ ਚੜ੍ਹਾਈ ਚੜ੍ਹਨੀ ਪੈਦੀ ਸੀ।



ਥਾਂਗੂ ਛੇਰਟੇਨ ਜਿਥੇ ਗੁਰੂ ਨਾਨਕ ਦੇਵ ਜੀ ਦੀਆਂ 1001 ਮੂਰਤੀਆਂ ਹਨ

ਅਗਲੇ ਦਿਨ ਥਾਂਗੂ ਦੇ ਪੁਲੀਸ ਅਫਸਰ ਰਾਹੀਂ ਓਥੇਂ ਦੇ ਲਾਮੇ ਨਾਲ ਮੁਲਾਕਾਤ ਹੋਈ ਜਿਸ ਨੇ ਸਾਨੂੰ ਥਾਂਗੂ ਗੋਂਫਾ ਦੇ ਦਰਸਨ ਕਰਵਾਏ ਤੇ ਬੜੀਆਂ ਅਦਭੁਤ ਗਾਥਾਵਾਂ ਸੁਣਾਈਆਂ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦਾ ਉੱਤਰ ਪੂਰਬ ਦੀ ਯਾਤਰਾ ਦਾ ਨਵਾਂ ਨਕਸ਼ਾ ਦੁਹਰਾਇਆ। ਉਥੋਂ ਦਾ ਲਾਮਾ ਇੱਕ ਸੁਲਝਿਆ ਹੋਇਆ ਕਰਮਾਪਾ ਬੋਧੀ ਸੀ ਤੇ ਉਹ ਵੀ ਗੁਰੂ ਨਾਨਕ ਨਾਮ ਲੇਵਾ ਸੀ। ਗੋਂਫਾ ਅੰਦਰੋਂ ਬੜਾ ਹੀ ਸ਼ਾਨਦਾਰ ਲਗਦਾ ਸੀ। ਬੋਧੀ ਕਲਾਕਾਰੀ ਦਾ ਅਨੂਠਾ ਕਮਾਲ ਸੀ। ਅੰਦਰ ਮੂਰਤੀਆਂ ਦਾ ਮੇਲਾ ਲਗਿਆ ਹੋਇਆ ਸੀ। ਪੁੱਛਣ ਤੇ ਉਸ ਦੱਸਿਆ ਕਿ ਉਸ ਮੰਦਿਰ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ 1001 ਮੂਰਤੀਆਂ ਹਨ ਜਿਨ੍ਹਾਂ ਦੀ ਪੂਜਾ ਕਰਦਿਆਂ ਤਕਰੀਬਨ ਡੇਢ ਘੰਟਾ ਲੱਗ ਜਾਂਦਾ ਹੈ। ਪੂਜਾ ਬੋਧੀ ਢੰਗ ਨਾਲ ਹੀ ਕੀਤੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੀਆਂ ਮੂਰਤੀਆਂ ਵੀ ਹੋਰ ਪੂਜਣ ਯੋਗ ਬੋਧੀ ਗੁਰੂਆਂ ਦੇ ਨਾਲ ਹੀ ਸਨ। ਮਹਾਤਮਾਂ ਬੁੱਧ ਦੀਆਂ ਮੂਰਤੀਆਂ ਨੂੰ ਏਥੇ ਸਭ ਤੋਂ ਪਰਮੁੱਖ ਸਥਾਨ ਪ੍ਰਾਪਤ ਸੀ।

ਗੁਰੂ ਨਾਨਕ ਦੇਵ ਜੀ ਬਾਰੇ ਦਸਦਿਆਂ ਉਸ ਕਿਹਾ ਕਿ ਗੁਰੂ ਨਾਨਕ ਤਿੱਬਤ ਤੋਂ ਨਈਮਾਲਾ, ਮੁਗੁਥਾਂਗ, ਗੀਆਗਾਂਗ ਪਲਾਟੋ, ਗੁਰੂ ਡਾਂਗਮਾਰ ਹੁੰਦੇ ਹੋਏ ਏਥੇ ਦੋ ਦਿਨ ਰੁਕੇ ਸਨ। ਜਿਥੋਂ ਉਹ ਅੱਗੇ ਲਾਚਿਨ ਗਏ। ਗੁਰੂ ਜੀ ਦੀ ਯਾਦ ਵਿੱਚ ਗੁਰੂ ਡਾਂਗਮਾਰ ਝੀਲ ਤੇ ਉਹ ਹਰ ਸਾਲ ਇੱਕ ਵੱਡਾ ਮੇਲਾ ਲਾਉਂਦੇ ਹਨ।

ਥਾਂਗੂ ਵਿੱਚ ਗੁਰੂ ਨਾਨਕ ਜੀ ਦੀਆਂ ਮੂਰਤੀਆਂ ਦੇ ਦਰਸ਼ਨ ਕਰਵਾਉਂਦਿਆਂ ਕਿਹਾ ਇਹ ਗੋਂਫਾ ਗੁਰੂ ਰਿਪੋਸ਼ ਨਾਨਕ ਲਾਮਾ ਦੀ ਦ੍ਰਿਸ਼ਟੀ ਸਦਕਾ ਬਚਿਆ ਹੋਇਆ ਹੈ ਨਹੀਂ ਤਾਂ ਪਹਾੜ ਤੋਂ ਢਲਕਿਆ ਗਲੇਸ਼ੀਅਰ ਏਸ ਸਾਰੀ ਵਾਦੀ ਨੂੰ ਦੋ ਵਾਰ ਨਸ਼ਟ ਕਰ ਚੁਕਿਆ ਹੈ। 'ਗੋਂਫਾ ਦੇ ਦਰਸ਼ਨ ਕਰਕੇ ਅਸੀਂ ਏਥੇ ਦੇ ਸਰਕਾਰੀ ਰੈਸਟ ਹਾਊਸ ਪਹੁੰਚੇ ਜਿੱਥੇ ਬਾਹਰਲੇ ਯਾਤਰੀਆਂ ਦਾ ਰਹਿਣ ਲਈ ਬੰਦੋਬਸਤ ਹੋ ਸਕਦਾ ਹੈ ਪਰ ਮਨਜ਼ੂਰੀ ਗੰਗਟੋਕ ਤੋਂ ਲੈਣੀ ਪੈਂਦੀ ਹੈ। ਗੁਰੂ ਨਾਨਕ ਦੇਵ ਜੀ ਦੇ ਚਰਨ ਚਿਨ੍ਹਾਂ ਤੇ ਹੋਰ ਬਸਤਰਾਂ ਬਾਰੇ ਉਸ ਨੇ ਦਸਿਆ ਕਿ ਉਸ ਬਾਰੇ ਉਸਨੂੰ ਉਸ ਬਜ਼ੁਰਗ ਲਾਮਾ ਨੇ ਦਸਿਆ ਸੀ ਜਿਸ ਦੀ ਉਮਰ ਸੌ ਸਾਲ ਤੋਂ ਵੀ ਵੱਧ ਹੈ ਤੇ ਹੁਣ ਉਹ ਉੱਪਰ ਪਹਾੜੀ ਦੀ ਗੁਫਾ ਵਿੱਚ ਭਗਤੀ ਕਰ ਰਿਹਾ ਹੈ। ਸਾਰੀ ਵਾਦੀ ਵਾਲਿਆਂ ਨੂੰ ਨਾਨਕ ਲਾਮੇ ਦੇ ਏਥੇ ਆਉਣ ਬਾਰੇ ਗਿਆਨ ਹੈ।

ਉਸ ਬਜ਼ੁਰਗ ਲਾਮਾ-ਭਗਤ ਦੇ ਦਰਸ਼ਨ ਕਰਨ ਦੀ ਯੋਜਨਾ ਬਣ ਗਈ ਤੇ ਮੈਂ ਉਸ ਲਾਮਾ ਨੂੰ ਨਾਲ ਲਿਆ। ਨਾਲ ਉਹ ਸਵੇਕ ਵੀ ਸੀ ਜੋ ਬਜ਼ੁਰਗ ਲਾਮਾ ਨੂੰ ਰੋਜ਼ ਰੋਟੀ ਦੇਣ ਗੁਫਾ ਤਕ ਜਾਂਦਾ ਸੀ। ਤਕਰੀਬਨ ਤਿੰਨ ਘੰਟੇ ਦੀ

ਔਖੀ ਚੜ੍ਹਾਈ ਤੋਂ ਬਾਦ ਇੱਕ ਛੋਟੀ ਨਦੀ ਦੇ ਕਿਨਾਰੇ ਇੱਕ ਝੁਕੇ ਪੱਥਰ ਕੋਲ ਅਸੀਂ ਜਦ ਪਹੁੰਚੇ ਤਾਂ ਇਉਂ ਲਗਦਾ ਸੀ ਜਿਵੇਂ ਅਸੀਂ ਇੱਕ ਨਵੀਂ ਦੁਨੀਆਂ ਵਿੱਚ ਆ ਗਏ ਹੋਈਏ। ਨਦੀ ਕਿਨਾਰੇ ਬੜੇ ਫੁੱਲ ਖਿਲੇ ਹੋਏ ਸਨ। ਧੁਰ ਥਲੇ ਤਕ ਫੁੱਲ ਹੀ ਫੁੱਲ ਵਿਛੇ ਹੋਏ ਸਨ ਮੀਲਾਂ ਤਕ। ਚੜ੍ਹਦਿਆਂ ਦੀ ਹਉਂਕ ਜਦ ਘਟ ਹੋਈ ਤਾਂ ਮੈਂ ਸੇਵਕ ਨੂੰ ਉਸ ਬਜ਼ੁਰਗ ਲਾਮੇਂ ਬਾਰੇ ਖੋਲ੍ਹ ਕੇ ਦਸਣ ਨੂੰ ਕਿਹਾ। ਉਸ ਦਸਿਆ ਕਿ ਇਹ ਲਾਮਾ ਜੋ ਤਕਰੀਬਨ 15 ਸਾਲ ਤੋਂ ਏਸ ਗੁਫਾ ਵਿੱਚ ਭਗਤੀ ਕਰ ਰਿਹਾ ਹੈ ਸਾਡੇ ਬਜ਼ੁਰਗਾਂ ਵਿਚੋਂ ਹੈ। ਇਸ ਲਈ ਮੈਂ ਰੋਜ਼ ਇਸ ਵੇਲੇ ਭੋਜਨ ਰੱਖ ਜਾਂਦਾ ਹਾਂ। ਪਹਿਲਾਂ ਪਹਿਲ ਤਾਂ ਇਹ ਰੋਜ਼ ਗੁਫਾ ਦਾ ਪੱਥਰ ਚੁੱਕ ਕੇ ਮੇਰੇ ਨਾਲ ਕੁੱਝ ਬੋਲ ਸਾਂਝੇ ਕਰ ਲੈਂਦਾ ਸੀ ਪਰ ਹੁਣ ਇਹ ਆਮ ਤੌਰ ਤੇ ਪੱਥਰ ਨਹੀਂ ਚੁਕਣ ਦਿੰਦਾ। ਮੈਂ ਖਾਣਾ ਬਾਹਰ ਛੋਟੇ ਪੱਥਰ ਥੱਲੇ ਰੱਖ ਜਾਂਦਾ ਹਾਂ ਤੇ ਇਹ ਜਦ ਚਾਹੇ ਚੁਕ ਲੈਂਦਾ ਹੈ। ਖਾਣਾ ਵੀ ਕੀ ਕੁੱਝ ਉਬਲੇ ਚੌਲ ਹੁੰਦੇ ਹਨ। ਇਹ ਦਿਨ ਰਾਤ ਗੁਫਾ ਅੰਦਰ ਬੈਠਾ ਭਗਤੀ ਕਰਦਾ ਰਹਿੰਦਾ ਹੈ। ਹੁਣ ਕਦੇ ਕਦਾਈਂ ਹੀ ਬੋਲਦਾ ਹੈ।
ਮੇਰੀ ਬੜੀ ਇੱਛਾ ਸੀ ਕਿ ਇਹੋ ਜਿਹੀ ਮਹਾਨ ਹਸਤੀ ਦੇ ਦਰਸ਼ਨ ਹੋਣ ਤੇ ਗੁਰੂ ਨਾਨਕ ਦੇਵ ਜੀ ਬਾਰੇ ਵੀ ਜਾਣਕਾਰੀ ਮਿਲੇ। ਗੁਫਾ ਇੱਕ ਵੱਡੇ ਪੱਥਰ ਅੰਦਰ ਸੀ। ਜਿਸ ਦੇ ਠੀਕ ਥੱਲੇ ਛੋਟੀ ਨਦੀ ਰਵਾਂ ਵਗਦੀ ਸੀ। ਗੁਫਾ ਦੇ ਮੂੰਹ ਅੱਗੇ ਇੱਕ ਪੱਥਰ ਸੀ ਜਿਸ ਵਿੱਚ ਛੋਟੀਆਂ ਝੀਥਾਂ ਸਨ। ਸੇਵਕ ਨੇ ਖਾਣਾ ਇੱਕ ਪਾਸੇ ਰੱਖਕੇ ਇੱਕ ਪੱਥਰ ਨਾਲ ਗੁਫਾ ਦਾ ਦਰਵਾਜ਼ਾ ਖੜਕਾਇਆ। ਕਾਫੀ ਚਿਰ ਉਡੀਕਿਆਂ ਵੀ ਕੋਈ ਹਲਚਲ ਨਾ ਹੋਈ। ਉਸ ਨੇ ਦੋ-ਤਿੰਨ ਵਾਰ ਦਰ ਤੇ ਰਖਿਆ ਪੱਥਰ ਖੜਕਾਇਆ ਪਰ ਉਹ ਲਾਮਾ ਬਾਹਰ ਨਾ ਨਿਕਲਿਆ। ਤਕਰੀਬਨ ਤਿੰਨ ਘੰਟੇ ਉਡੀਕ ਕੇ ਸਾਨੂੰ ਪਰਤਣਾ ਪਿਆ ਜਦ ਸੇਵਕ ਨੇ ਦਸਿਆ ਕਿ ਅਜ ਲਾਮਾ ਬਾਹਰ ਨਹੀਂ ਨਿਕਲੇਗਾ। ਨਿਰਾਸ਼ ਹੋ ਭਰੇ ਪੈਰੀ ਵਾਪਸੀ ਦਾ ਸਫਰ ਤਹਿ ਕੀਤਾ। ਉਸ ਪਿਛੋਂ ਇੱਕ ਦਿਨ ਫਿਰ ਕੋਸ਼ਿਸ਼ ਕੀਤੀ ਪਰ ਉਸ ਬਜ਼ੁਰਗ ਲਾਮਾ ਨੇ ਦਰਵਾਜ਼ਾ ਖੋਲਿਆ ਹੀ ਨਾ ਤੇ ਮੈਨੂੰ ਜਾਪਿਆ ਕਿ ਮੈਂ ਇੱਕ ਬੜੀ ਮਹੱਤਵ ਪੂਰਨ ਜਾਣਕਾਰੀ ਤੋਂ ਵਾਂਝਾ ਰਹਿ ਗਿਆ ਹਾਂ।

ਸਾਡੇ ਟ੍ਰਾਂਜ਼ਿਟ ਕੈਂਪ ਦੇ ਨਾਲ ਲਗਦੀ ਪੁਲਿਸ ਚੌਕੀ ਸੀ ਤੇ ਹੱਦ ਉੱਤੇ ਅਤੇ ਆਮ ਪਾਸ ਦੇ ਇਲਾਕੇ ਉਪਰ ਨਿਗਾਹ ਵੀ ਰਖਦੀ ਸੀ। ਇਥੇ ਸੂਹੀਆ ਏਜੰਸੀਆਂ ਦੇ ਅਧਿਕਾਰੀ ਵੀ ਆਉਂਦੇ ਰਹਿੰਦੇ ਸਨ ਤੇ ਏਥੋਂ ਅਪਣੇ ਸੂਹੀਏ ਤਿੱਬਤ ਨੂੰ ਭੇਜਦੇ ਸਨ। ਏਥੇ ਹੀ ਇੱਕ ਸੂਹੀਆ ਅਫਸਰ (ਉਸ ਨੇ ਆਪਣਾ ਨਾਮ ਨਾ ਲਿਖਣ ਬਾਰੇ ਤਾਕੀਦ ਕੀਤਾ ਸੀ) ਨਾਲ ਗੱਲਾਂ ਬਾਤਾਂ ਕਰਦਿਆਂ ਪਤਾ ਲਗਿਆ ਕਿ ਉਹ ਤਿੱਬਤ ਵਿੱਚ ਗੁਰੂ ਨਾਨਕ ਦੇਵ ਜੀ ਦੀ ਯਾਤਰਾ ਬਾਰੇ ਜਾਣੂ ਸੀ। ਉਸ ਦਸਿਆ ਕਿ ਉਹ ਆਪ ਇੱਕ ਕਰਮਾਪਾ ਲਾਮਾ ਪਰਿਵਾਰ ਵਿਚੋਂ ਸੀ ਜਿਸਦਾ ਪਿਛੋਕੜ ਦੱਖਣੀ ਤਿੱਬਤ ਦਾ ਸੀ। ਉਸਨੇ ਗੁਰੂ ਨਾਨਕ ਦੇਵ ਜੀ ਦੀ ਤਿੱਬਤ ਤੇ ਸਿਕਿਮ ਦੀ ਯਾਤਰਾ ਬਾਰੇ ਬੜੇ ਵਿਸਥਾਰ ਨਾਲ ਦੱਸਿਆ। ਉਸ ਦੱਸਿਆ, ਤਿੱਬਤ ਵਿੱਚ ਬੋਧ ਧਰਮ ਚਾਰ ਮੁੱਖ ਧਾਰਾਵਾਂ ਵਿੱਚ ਵੰਡਿਆ ਹੋਇਆ ਹੈ। ਜਿਨ੍ਹਾਂ ਵਿੱਚ ਨਈਂਗਮਾਪਾ ਤੇ ਗੈਲੁਗਪਾ ਮੁੱਖ ਹਨ। ਗੈਲੁਗਪਾ ਅੱਜ ਕੱਲ ਮੋਹਰੀ ਹਨ। ਕਰਮਾਪਾ ਨਈਂਗਮਾਪਾ ਦੀ ਮੁੱਖ ਸ਼ਾਖ ਹੈ। ਗੈਲੁਗਪਾ ਲਾਲ ਬਸਤਰ ਪਾਉਂਦੇ ਹਨ ਤੇ ਨਈਂਗਮਾਪਾ ਕਰਮਾਪਾ ਪੀਲੇ। ਦਲਾਈ ਲਾਮੇ ਗੈਲੁਗਪਾ ਧਾਰਾ ਦੇ ਆਗੂ ਹਨ। ਜ਼ਿਆਦਾਤਰ ਨਈਂਗਮਾਪਾ-ਕਰਮਾਪਾ ਮੁਖ ਤੌਰ ਤੇ ਨੇਪਾਲ, ਸਿਕਿਮ, ਭੁਟਾਨ ਤੇ ਅਰੁਣਾਂਚਲ ਦੇ ਉੱਤਰੀ ਭਾਗਾਂ ਵਿੱਚ ਰਹਿੰਦੇ ਹਨ ਭਾਵ ਹਿਮਾਲਿਆ ਦੀਆਂ ਉੱਤਰੀ ਪਹਾੜੀਆਂ ਵਿੱਚ ਵਸੇ ਹੋਏ ਹਨ। ਇਹ ਇਨ੍ਹਾਂ ਪਹਾੜੀਆਂ ਵਿੱਚ ਪੰਦਰ੍ਹਵੀ ਸੋਲਵੀਂ ਸਦੀ ਵਿੱਚ ਆਏ। ਪੰਦਰ੍ਹਵੀ ਸਦੀ ਤਕ ਕਰਮਾ ਪਾ ਰਾਜਾ ਸਾਰੇ ਤਿਬਤ ਦਾ ਸ਼ਾਸ਼ਕ ਸੀ ਪਰ ਗੈਲੁਗਪਾ ਧਾਰਾ ਦੇ ਬੋਧੀਆਂ ਨੇ ਕਰਮਾਪਾ ਰਾਜੇ ਵਿਰੁੱਧ ਬਗਾਵਤ ਕਰ ਦਿਤੀ ਤੇ ਜਦ ਕਰਮਾਪਾ ਰਾਜਾ ਕੈਲਾਸ਼ ਮਾਨਸਰੋਵਰ ਦੀ ਯਾਤਰਾ ਤੇ ਸੀ। ਉਸ ਵੇਲੇ ਗੇਲੁਗਪਾ ਧਾਰਾ ਦੇ ਲਾਮਿਆਂ ਨੇ ਤਿੱਬਤ ਦਾ ਸ਼ਾਸ਼ਨ ਆਪਣੇ ਕਬਜ਼ੇ ਵਿੱਚ ਕਰ ਲਿਆ। ਇਹ ਉਹ ਵੇਲਾ ਸੀ ਜਦੋਂ ਗੁਰੂ ਨਾਨਕ ਦੇਵ ਜੀ ਵੀ ਕੈਲਾਸ਼ ਮਾਨਸਰੋਵਰ ਪਹੁੰਚੇ ਸਨ। ਸਿੱਧਾਂ ਦਾ ਤਿੱਬਤ ਉਤੇ ਬੜਾ ਪ੍ਰਭਾਵ ਸੀ।
ਬੋਧ-ਧਰਮ ਮੰਨਣ ਦੇ ਨਾਲ ਨਾਲ ਕਰਮਾਪਾ ਰਾਜਾ ਸਿੱਧਾਂ ਨੂੰ ਵੀ ਬੜਾ ਮੰਨਦਾ ਸੀ। ਪਰ ਜਦ ਉਰੂ ਨਾਨਕ ਦੇਵ ਜੀ ਦੇ ਸਿੱਧਾਂ ਨਾਲ ਸੰਵਾਦ ਹੋਏ ਤਾਂ ਸੰਵਾਦਾਂ ਵੇਲੇ ਰਾਜਾ ਵੀ ਉੱਥੇ ਹਾਜ਼ਰ ਸੀ। ਉਸ ਉੱਤੇ ਵੀ ਗੁਰੂ ਨਾਨਕ ਦੇਵ ਜੀ ਦਾ ਸਿਧਾ ਪ੍ਰਭਾਵ ਪਿਆ ਤੇ ਉਹ ਗੁਰੂ ਨਾਨਕ ਦੇਵ ਜੀ ਦਾ ਨਾਮ ਲੇਵਾ ਬਣ ਗਿਆ। ਉਸਨੇ ਸਾਰੇ ਕਰਮਾਪਾ

ਗੋਂਫਾ ਵਿੱਚ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਦੀ ਸਥਾਪਨਾ ਵੀ ਕਰਵਾ ਦਿਤੀ। ਉਸਨੇ ਗੁਰੂ ਨਾਨਕ ਦੇਵ ਜੀ ਨੂੰ ਤਿਬਤ ਵਿੱਚ ਆਉਣ ਦਾ ਸੱਦਾ ਦਿਤਾ ਜੋ ਗੁਰੂ ਜੀ ਨੇ ਮਨਜ਼ੂਰ ਕਰ ਲਿਆ।

ਜਦ ਗੁਰੂ ਨਾਨਕ ਦੇਵ ਜੀ ਵਾਪਿਸ ਭਾਰਤ ਪਰਤੇ ਤੇ ਫਿਰ ਨੇਪਾਲ ਪਹੁੰਚੇ ਤਾਂ ਏਥੋਂ ਹੀ ਉਹ ਤਿੱਬਤ ਵੀ ਗਏ। ਨੇਪਾਲ ਵਿੱਚ ਹੀ ਕਰਮਾਪਾ ਰਾਜੇ ਨੇ ਗੁਰੂ ਨਾਨਕ ਦੇਵ ਜੀ ਨੂੰ ਸਾਕਿਆ ਮੱਠ ਵਿਖੇ ਪਹੁੰਚਣ ਦਾ ਸੱਦਾ ਦਿਤਾ ਸੀ ਕਿਉਕਿ ਉਸ ਕੋਲੋਂ ਉਦੋਂ ਲਾਸਾ ਖੁੱਸ ਚੁੱਕਾ ਸੀ। ਗੁਰੂ ਜੀ ਆਪਣੇ ਸਾਥੀਆਂ ਨਾਲ ਜਦ ਸਾਕਿਆ ਮੱਠ ਪਹੁੰਚੇ ਤਾਂ ਕਰਮਾਪਾ ਰਾਜਾ ਨੇ ਗੁਰੂ ਜੀ ਦਾ ਬਹੁਤ ਸਵਾਗਤ ਕੀਤਾ। 'ਅਗੋਂ ਦਾ ਉਸ ਦਾ ਦਿਤਾ ਸਾਰਾ ਵਰਨਣ ਗੁਰੂ ਨਾਨਕ ਦੇਵ ਜੀ ਦੀ ਚੁੰਗਥਾਂਗ ਤੇ ਲਾਚਿਨ ਯਾਤਰਾ ਵਾਲੇ ਵਿਸਥਾਰ ਦਾ ਹੀ ਹੈ। ਉਸ ਨੇ ਮੈਨੂੰ ਗੁਰੂ ਨਾਨਕ ਦੇਵ ਜੀ ਦੇ ਤਿੱਬਤੀ ਵਿੱਚ ਉਲਥਾਏ ਸ਼ਲੋਕ ਵੀ ਸੁਣਾਏ ਜੋ ਜਪੁਜੀ ਸਾਹਿਬ ਦੀਆ ਪਹਿਲੀਆਂ ਪੌੜੀਆਂ ਦੇ ਅਰਥ ਸਨ। (ਤਿੱਬਤੀ ਭਾਸ਼ਾ ਵਿੱਚ ਜਪੁਜੀ ਸਾਹਿਬ ਦੇ ਉਲਥੇ ਬਾਰੇ ਡਾ ਤਰਲੋਚਨ ਸਿੰਘ ਹੋਰਾਂ ਨੇ ਭੀ ਲਿਖਿਆ ਹੈ।)

ਉਸ ਨੇ ਇਹ ਵੀ ਦਸਿਆ ਕਿ ਸਾਰੇ ਤਿੱਬਤ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਨਾਨਕ ਲਾਮਾ ਕਿਹਾ ਜਾਂਦਾ ਹੈ। ਉਸ ਦਾ ਦਿਤਾ ਵਿਸਥਾਰ ਬੜਾ ਪ੍ਰਭਾਵਸ਼ਾਲੀ ਸੀ। ਉਸ ਨੇ ਦਸਿਆ ਕਿ ਉਹ ਤਿੱਬਤ ਜਾਂਦਾ ਰਹਿੰਦਾ ਹੈ। ਮੈਂ ਉਸਨੂੰ ਬਿਨੈ ਕੀਤੀ ਕਿ ਉਹ ਮੈਨੂੰ ਤਿੱਬਤ ਜਾ ਕੇ ਉਨ੍ਹਾਂ ਸਥਾਨਾਂ ਦੀਆਂ ਤਸਵੀਰਾਂ ਲਿਆ ਦੇਵੇ ਜੋ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹਨ ਤੇ ਹੋਰ ਸਭ ਜਾਣਕਾਰੀ ਦੇਣ ਦੀ ਖੇਚਲ ਕਰੇ ਜਿਸ ਵਿਖੋਂ ਗੁਰੂ ਨਾਨਕ ਦੇਵ ਜੀ ਦੀ ਤਿੱਬਤ ਯਾਤਰਾ ਬਾਰੇ ਸੂਚਨਾ ਮਿਲਦੀ ਹੋਵੇ। ਉਸਨੂੰ ਮੈਂ ਦੋ ਫੋਟੋ ਰੀਲਾਂ ਵੀ ਦੇ ਦਿਤੀਆਂ। ਉਸਨੇ ਕੁੱਝ ਫੋਟੋਆਂ ਤਾਂ ਲਿਆ ਦਿਤੀਆਂ ਪਰ ਫਿਰ ਉਸ ਦੀ ਬਦਲੀ ਕਿਤੇ ਹੋਰ ਦੀ ਹੋ ਗਈ ਤੇ ਉਸਨੂੰ ਲੱਖ ਕੋਸ਼ਿਸ਼ ਕਰਨ ਬਾਦ ਵੀ ਮਿਲ ਨਾ ਸਕਿਆ। ਮੈਂ ਸਾਲ ਭਰ ਉਸਨੂੰ ਲਭਦਾ ਰਿਹਾ। ਉਸਦੇ ਗੰਗਟੌਂਕ ਦਫਤਰ ਜਾ ਕੇ ਵੀ ਕੋਸ਼ਿਸ਼ ਕੀਤੀ ਪਰ ਉਸਦੇ ਨਵੇਂ ਥਾਂ ਪਤੇ ਬਾਰੇ ਪਤਾ ਨਾ ਲੱਗ ਸਕਿਆ। ਇਸ ਤਰ੍ਹਾਂ ਬੜੀ ਜ਼ਰੂਰੀ ਜਾਣਕਾਰੀ ਮੇਰੇ ਹਥੋਂ ਨਿਕਲ ਗਈ।

ਇਕ ਦਿਨ ਮੈਂ ਲਾਮੇ ਨਾਲ ਗੋਫਾ ਤੋਂ ਵਾਪਸ ਆ ਰਿਹਾ ਸਾਂ ਤਾਂ ਉਸਨੇ ਮੈਨੂੰ ਸੜਕ ਕਿਨਾਰੇ ਇੱਕ ਲਾਮਾ ਅਸਥਾਨ ਵਿਖਾਇਆ ਤੇ ਦਸਿਆ ਕਿ ਇਸ ਅੰਦਰ ਵੀ ਅਸੀਂ ਗੁਰੂ ਨਾਨਕ ਦੇਵ ਜੀ ਦੀਆਂ 1001 ਮੂਰਤੀਆਂ ਸੰਭਾਲਕੇ ਰਖੀਆਂ ਹਨ। ਹੁਣ ਇਸ ਨੂੰ ਚਾਰੇ ਪਾਸਿਓਂ ਬੰਦ ਕਰ ਦਿੱਤਾ ਗਿਆ ਹੈ ਤੇ ਸਾਰੇ ਆਉਂਦੇ ਜਾਂਦੇ ਲੋਕ ਇਸ ਅੱਗੇ ਅਪਣੀ ਸ਼ਰਧਾ ਭੇਟ ਕਰਦੇ ਜਾਂਦੇ ਹਨ।

ਇਸ ਤਰ੍ਹਾਂ ਸਾਡੇ ਸੱਤ ਦਿਨ ਪੂਰੇ ਹੋ ਗਏ ਤਾਂ ਅਸੀਂ ਆਪਣੇ ਅਗਲੇ ਪੜਾ ਪਹੁੰਚੇ ਜੋ 16000 ਫੁਟ ਤੇ ਸੀ ਤੇ ਜਗਾ ਦਾ ਨਾਮ ਗੀਆਗਾਂਗ ਜਿਸ ਤੋਂ ਅਗੇ ਦਾ ਇਲਾਕਾ ਗੀਆਗਾਂਗ ਪਲੈਟੋ ਦੇ ਨਾਮ ਨਾਲ ਜਾਣਿਆ ਜਾਂਦਾ ਸੀ।

## 5-ਝੀਲ ਗੁਰੂ ਡਾਂਗਮਾਰ- (ਜਿੱਥੇ ਗੁਰ ਨਾਨਕ ਦੇਵ ਜੀ ਨੇ ਡਾਂਗ ਮਾਰਕੇ ਗਲੇਸ਼ੀਅਰ ਵਿੱਚ ਸਦਾ ਲਈ ਜਲ ਭੰਡਾਰ ਕਾਇਮ ਕੀਤਾ।



ਝੀਲ ਗੁਰੂ ਡਾਂਗਮਾਰ

ਥਾਂਗੂ ਤੋਂ ਅੱਗੇ ਕੱਚੇ ਰਸਤੇ ਤਕਰੀਬਨ 6 ਕਿਲੋਮੀਟਰ ਚਲਕੇ ਅਸੀਂ ਗੀਆਗਾਂਗ ਪਹੁੰਚੇ। ਗੀਆਗਾਂਗ ਵਿੱਚ ਪਹੁੰਚ ਕੇ ਅਸੀਂ ਆਪੋ ਆਪਣੇ ਜ਼ਿੰਮੇਵਾਰੀ ਦੇ ਇਲਾਕੇ ਦੀ ਜਾਣ ਪਛਾਣ ਵਿੱਚ ਰੁੱਝ ਗਏ। ਸਵੇਰੇ ਨਿਕਲਦੇ ਤੇ ਸ਼ਾਮੀ ਆਪਣੀ ਥਾਂ ਬੰਕਰਾਂ ਵਿੱਚ ਆ ਟਿਕਦੇ। ਬੰਕਰ ਟਿਨ-ਸ਼ੀਟਾਂ ਦੇ ਬਣੇ ਹੋਏ ਸਨ ਜੋ ਭਾਰੀ ਬਰਫ ਪੈਣ ਨਾਲ ਢਹਿ ਗਏ ਸਨ। ਏਸ ਇਲਾਕੇ ਵਿੱਚ ਤਕਰੀਬਨ ਦਸ ਫੁਟ ਤਕ ਬਰਫ ਪੈ ਜਾਂਦੀ ਸੀ। ਦੁਬਾਰਾ ਪੱਥਰ ਇੱਕਠੇ ਕਰਕੇ ਬੰਕਰਾਂ ਨੂੰ ਖੜਾ ਕਰਨਾ ਵੀ ਸਾਡੇ ਕੰਮ ਵਿੱਚ ਸ਼ਾਮਿਲ ਸੀ। ਸਾਡੀਆਂ ਜ਼ਿਆਦਾ ਪਿਕਿਟਾਂ ਉੱਚੀਆਂ ਚੋਟੀਆਂ ਤੇ ਸਨ ਇੱਕ ਪਿਕਿਟ ਕੰਚਨ ਜੰਗਾ ਪਰਬਤ ਦੀ ਉੱਤਰੀ ਚੋਟੀ ਤੇ ਸੀ ਜਿਸਦੀ ਚੁਚਾਈ 22500 ਫੁਟ ਸੀ। ਇਥੇ ਜਾਣਾ ਬੜਾ ਔਖਾ ਹੁੰਦਾ ਸੀ ਤੇ ਜਾਣ ਲਈ ਇੱਕ ਹੋਰ ਪੜਾ ਬਣਾਉਣਾ ਪੈਂਦਾ ਸੀ।

ਇਕ ਪਿਕਿਟ 20, 500 ਫੁੱਟ ਤੇ ਸੀ ਜਿਥੇ ਸਾਨੂੰ ਤੀਸਤਾ ਨਦੀ ਦੇ ਮੁੱਢ ਤਕ ਜਾਣਾ ਪੈਂਦਾ ਸੀ ਤੇ ਫਿਰ ਉਥੋਂ ਸਿਧੀ ਚੜ੍ਹਾਈ ਚੜ੍ਹਣੀ ਪੈਂਦੀ ਸੀ। ਚੋਟੀਆਂ ਹਾਲੇ ਵੀ ਬਰਫਾਂ ਨਾਲ ਢਕੀਆਂ ਹੋਈਆਂ ਸਨ ਤੇ ਤਾਪਮਾਨ ਰਾਤ ਨੂੰ ਮਨਫੀ ਤੀਹ ਡਿਗਰੀ ਤਕ ਚਲਿਆ ਜਾਂਦਾ ਸੀ। ਸਿਆਚਿਨ ਕਲੋਦਿੰਗਜ਼ (ਸਪੈਸ਼ਲ ਅਤਿ-ਅਧਿਕ ਉਚਾਈ ਲਈ ਤਿਆਰ ਕੀਤੇ ਗਏ ਕੱਪੜੇ) ਸਾਨੂੰ ਅੰਤਾਂ ਦੀ ਠੰਢ ਤੋਂ ਕਾਫੀ ਬਚਾਕੇ ਰਖਦੇ ਪਰ ਸਾਹ ਲੈਣ ਵਿੱਚ ਬੜੀ ਐਖਿਆਈ ਆਉਂਦੀ। ਸਿਰ ਚਕਰਾਉਂਦਾ, ਟੱਟੀਆਂ ਉਲਟੀਆਂ ਲਗਣੀਆਂ ਆਦਿ ਗੱਲਾਂ ਆਮ ਹੋ ਗਈਆਂ ਸਨ। ਸਾਰੇ ਪਾਸੇ ਜਾਂ ਤਾਂ ਉੱਚੀਆਂ ਬਰਫੀਲੀਆਂ ਪਹਾੜੀਆਂ ਤੇ ਜਾਂ ਕਿਧਰੇ ਕਿਧਰੇ ਪੱਥਰਾਂ ਵਿਚੋਂ ਝਾਕਦੀ ਲਾਲ ਮਿੱਟੀ। ਖਰਗੋਸ਼ਾਂ ਵਰਗੇ ਮੋਟੇ ਚੂਹੇ ਕਦੇ ਬੰਕਰਾਂ ਵਿੱਚ ਵੜਕੇ ਸਾਡੇ ਬਿਸਕੁਟ ਆਦਿ ਛਕ ਜਾਂਦੇ। ਹਰਿਆਵਲ ਵੇਖਣ ਨੂੰ ਵੀ ਨਹੀ ਸੀ।

ਗੀਆਗਾਂਗ ਪਲੈਟੋ ਜਿਸ ਵਿੱਚ ਝੀਲ ਗੁਰੂ ਡਾਂਗਮਾਰ ਝੀਲ ਸਥਿਤ ਹੈ

ਇਸ ਸੁੰਨਸਾਨ ਦੁਨੀਆਂ ਨੂੰ ਆਮ ਭਾਸ਼ਾ ਵਿੱਚ ਨਰਕੀ ਜ਼ਿੰਦਗੀ ਕਿਹਾ ਜਾ ਸਕਦਾ ਹੈ। ਏਸ ਇਲਾਕੇ ਵਿੱਚ ਤਿੱਬਤੀ ਯਾਕਾਂ ਨਾਲ ਆਪਣੀਆਂ ਯਾਕ ਝੁਗੀਆਂ ਵਿੱਚ ਆ ਟਿਕਦੇ ਹਨ। ਪਰਬਤੀ ਢਲਾਣਾਂ ਤੇ ਗੀਆਗਾਂਗ ਪਲਾਟੋ ਵਿੱਚ ਤੀਸਤਾ ਕੰਢੇ ਜੋ ਕੁੱਝ ਮਿਲਦਾ, ਯਾਕ ਉਹੋ ਚਰਕੇ ਆਪਣਾ ਢਿੱਡ ਭਰਦੇ ਸਨ। ਇਨ੍ਹਾਂ ਯਾਕਾਂ ਤੋਂ ਹੀ ਇਥੋਂ ਦੇ ਵਾਸੀ ਆਪਣਾ ਮੁੱਖ ਖਾਣਾ ਤਿਆਰ ਕਰਦੇ ਸਨ। ਯਾਕ ਦਾ ਮੀਟ, ਯਾਕ ਦਾ ਦੁੱਧ-ਮੱਖਣ, ਯਾਕ ਖੱਲ ਦੀਆਂ ਝੁੱਗੀਆਂ, ਯਾਕ ਵਾਲਾਂ ਦੀਆਂ ਛਤਰੀਆਂ, ਯਾਕ-ਖੱਲ ਦੇ ਬਸਤਰ, ਯਾਕ ਦੀ ਸਵਾਰੀ, ਬਸ ਯਾਕ ਬਿਨਾਂ ਉਨ੍ਹਾਂ ਨੂੰ ਹੋਰ ਕੋਈ ਸਹਾਰਾ ਨਹੀਂ ਜਾਪਦਾ ਸੀ।

ਇਨ੍ਹਾਂ ਯਾਕ ਚਰਾਉਣ ਵਾਲਿਆਂ ਕੋਲ ਗੁਰੂ ਨਾਨਕ ਦੇਵ ਜੀ ਵੀ ਆਏ ਦੱਸੇ ਜਾਂਦੇ ਹਨ। ਜਿਵੇਂ ਕਿ ਮੈਨੂੰ ਚੁੰਗਥਾਂਗ, ਲਾਚਿਨ ਤੇ ਥਾਂਗੂ ਵਿੱਚ ਦਸਿਆ ਗਿਆ ਸੀ, ਗੁਰੂ ਨਾਨਕ ਜੀ ਗੀਆਗਾਂਗ ਪਲਾਟੋ ਵਿੱਚ ਮੁਗੁਥਾਂਗ ਤੋਂ ਆਏ ਹਨ। ਗੁਰੂ ਨਾਨਕ ਦੇਵ ਜੀ ਨੇ ਮੁਗੁਥਾਂਗ ਤੋਂ ਥਾਂਗੂ ਸਿੱਧਾ ਜਾਣਾ ਚਾਹਿਆ ਹੋਵੇਗਾ ਪਰ ਸ਼ਾਇਦ ਕਿਸੇ ਹੋਰ ਜੀਵ ਨੂੰ ਤਾਰਨ ਹਿਤ ਜਾਂ ਮੁਗੁਥਾਂਗ ਦੱਰੇ ਤੇ ਭਾਰੀ ਬਰਫ਼ ਪੈਣ ਕਰਕੇ ਗੁਰੂ ਜੀ ਨੇ ਇਹ ਰਾਹ ਚੁਣਿਆ ਹੋਵੇਗਾ। ਮੈਂ ਬੜਾ ਉਸਤਕ ਸਾਂ ਉਹ ਝੀਲ ਵੇਖਣ ਲਈ ਜੋ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਸੀ।



ਝੀਲ ਗੁਰੂ ਡਾਂਗਮਾਰ

ਅਗਲੇ ਦਿਨ ਸਵੇਰੇ ਹੀ ਅਸੀਂ ਗੁਰੂ ਡਾਂਗਮਾਰ ਝੀਲ ਵਲ ਵਧੇ। ਪੱਥਰਾਂ ਵਿੱਚ ਉਭੜ-ਖਾਭੜ ਰਾਹ ਤੇ ਕਿਧਰੇ ਤੀਸਤਾ ਵਿੱਚ ਜੰਮੀ ਬਰਫ਼ ਉਪਰੋਂ ਦੀ ਲੰਘਦਿਆਂ ਅਸੀ ਇੱਕ ਵਿਸ਼ਾਲ ਵਾਦੀ ਵਿੱਚ ਆ ਗਏ ਜੋ ਤਿੱਬਤ ਨਾਲ

ਲਗਦੀ ਸੀ। ਚਾਰੇ ਪਾਸੇ ਪਹਾੜੀਆਂ ਬਰਫਾਂ ਨਾਲ ਢਕੀਆਂ ਹੋਈਆਂ ਸਨ। ਠੰਢੀ ਠੰਢੀ ਹਵਾ ਸੀਨਾ ਚੀਰਦੀ ਜਾਂਦੀ ਸੀ। ਅਸੀਂ ਜੋ ਸਾਹ ਵੀ ਲੈਂਦੇ ਸਾਂ ਉਹ ਵੀ ਮੁੱਛਾਂ ਉਪਰ ਬਰਫ ਬਣਕੇ ਜੰਮ ਜਾਂਦਾ ਸੀ ਜਿਸ ਨੂੰ ਲਾਹੁੰਦਿਆਂ ਲਾਹੁੰਦਿਆਂ ਹੋਂਠ ਲਾਲ ਹੋ ਗਏ ਸਨ। ਨੱਕ ਦੀਆਂ ਕੂੰਬਲੀਆ ਵੀ ਲਾਲੋ-ਲਾਲ ਹੋ ਗਈਆਂ ਸਨ। ਹੱਥ ਸੁੰਨ ਹੋ ਗਏ ਸਨ। ਏਥੇ ਤਾਪਮਾਨ -35’ ਸੈਂਟੀ ਤਕ ਚਲਾ ਜਾਂਦਾ ਹੈ। ਗੁਰੂ ਡਾਂਗਮਾਰ ਝੀਲ ਲਈ ਰਸਤਾ ਤੀਸਤਾ ਦਰਿਆ ਦੇ ਨਾਲ ਜਾਂਦਾ ਹੈ। ਤਕਰੀਬਨ ਚਾਰ ਘੰਟੇ ਪੈਂਦਲ ਚੱਲ, 20 ਕੁ ਕਿਲੋਮੀਟਰ ਦਾ ਸਫਰ ਤਹਿ ਕਰਕੇ ਅਸੀਂ ਬਰਫਾਂ ਢਕੇ ਪਰਬਤਾਂ ਦੀ ਗੋਦ ਵਿੱਚ ਬੈਠ ਇੱਕ ਵਿਸ਼ਾਲ ਸੁੰਦਰ ਤਕਰੀਬਨ ਇੱਕ ਕਿਲੋਮੀਟਰ ਦੇ ਅਰਧ ਵਿਆਸ ਦੀ ਝੀਲ ਦੇ ਕਿਨਾਰੇ ਪਹੁੰਚ ਗਏ। ਤਿੱਬਤ ਠੀਕ ਸਾਹਮਣੇ ਸੀ। ਇਸ ਝੀਲ ਦੀ ਉਚਾਈ 18, 000 ਫੁੱਟ ਸੀ ਤੇ ਨਾਲ ਲਗਦੀਆਂ ਪਹਾੜੀਆਂ 20, 500 ਫੁੱਟ ਉੱਚੀਆਂ ਸਨ। ਠੰਢੀ ਹਵਾ ਸੀਨਾ ਚੀਰ ਰਹੀ ਸੀ। ਇਸ ਪਵਿਤਰ ਝੀਲ ਦਾ ਰੰਗ ਬਰਫ ਨਾਲ ਢਕੀ ਹੋਣ ਕਰਕੇ ਸਫੈਦ ਸੀ ਪਰ ਜਿਸ ਥਾਂ ਗੁਰੂ ਜੀ ਨੇ ਡਾਂਗ ਮਾਰੀ ਸੀ ਉਸ ਥਾਂ ਨੀਲਾ-ਹਰਾ ਪਾਣੀ ਝਿਲਮਿਲਾ ਰਿਹਾ ਸੀ। ਜਲ ਛੂਹ ਕੇ ਇਉਂ ਲਗਦਾ ਸੀ ਜਿਵੇਂ ਮਨ ਸਭ ਦੁੱਖ ਦਰਦਾਂ ਤੇ ਹੋਰਨਾਂ ਚਿੰਤਾਵਾਂ ਤੋਂ ਮੁਕਤ ਹੋ ਗਿਆ ਹੋਵੇ।



ਝੀਲ ਕਿਨਾਰੇ ਤੇ ਆਸ-ਪਾਸ ਦੀਆਂ ਪਹਾੜੀਆਂ ਉੱਪਰ ਝੂਲ ਰਹੇ ਬੋਧੀ ਝੰਡੇ

ਕੁਝ ਬੋਧੀ ਝੰਡੇ ਝੀਲ ਕਿਨਾਰੇ ਤੇ ਆਸ-ਪਾਸ ਦੀਆਂ ਪਹਾੜੀਆਂ ਉੱਪਰ ਝੂਲ ਰਹੇ ਸਨ। ਜਿਵੇਂ ਕਿ ਦੱਸਿਆ ਗਿਆ ਸੀ ਕਿ ਗੁਰੂ ਨਾਨਕ ਦੇਵ ਜੀ ਤਿੱਬਤ ਵਲੋ ਗੀਆਗਾਂਗ ਪਲਾਟੋ ਵਿੱਚ ਦੀ ਜਦ ਏਥੇ ਪਹੁੰਚੇ ਤਾਂ ਏਥੋ ਦੇ ਯਾਕ ਚਰਵਾਹੇ ਉਨ੍ਹਾਂ ਦੇ ਦਰਸ਼ਨਾਂ ਨੂੰ ਆਏ। ਗੁਰੂ ਜੀ ਦੇ ਚਿਹਰੇ ਤੋ ਰੱਬੀ-ਨੂਰ ਝਲਕਦਾ ਵੇਖ ਕੇ ਉਹ ਸਮਝ ਗਏ ਕਿ ਇਹ ਕੋਈ ਪਹੁੰਚਿਆ ਮਹਾਨ ਪੁਰਸ਼ ਹੈ। ਉਸ ਤਰ੍ਹਾਂ ਵੀ ਇਸ ਇਲਾਕੇ ਵਿੱਚ ਕਦੇ ਕੋਈ ਬਾਹਰਲਾ, ਖਾਸ ਕਰਕੇ ਪੰਜਾਬ ਮੂਲ ਦਾ ਦਾੜ੍ਹੀ ਵਾਲਾ ਮਨੁਖ ਉਨ੍ਹਾਂ ਕਦੇ ਨਹੀਂ ਵੇਖਿਆ ਸੀ ਕਿਉਕਿ ਏਥੇ ਤਾਂ ਸਿਰਫ ਦੱਖਣੀ ਤਿੱਬਤ ਜਾਂ ਉੱਤਰੀ ਸਿਕਿਮ ਦੇ ਵਾਸੀ ਹੀ ਆਉਦੇ ਸਨ ਜਿਨ੍ਹਾਂ ਦੀ ਕੁਦਰਤੀ ਹੀ ਦਾੜ੍ਹੀ ਨਹੀਂ ਹੁੰਦੀ।
ਗੁਰੂ ਨਾਨਕ ਦੇਵ ਜੀ ਦੇ ਮੁਖੜੇ ਦਾ ਜਲਾਲ ਹੀ ਇਤਨਾ ਸੀ ਕਿ ਸਾਰੇ ਚਰਵਾਹੇ ਖਿਚੇ ਆਏ। ਉਨ੍ਹਾਂ ਨੂੰ ਜਾਪਿਆ ਕਿ ਇਹ ਮਹਾਂਪੁਰਸ਼ ਉਨ੍ਹਾਂ ਦੇ ਦੁੱਖ ਦੂਰ ਕਰਨ ਲਈ ਰੱਬ ਵਲੋ ਭੇਜਿਆ ਜਾਪਦਾ ਹੈ। ਗੁਰੂ ਨਾਨਕ ਦੇਵ ਜੀ ਕੋਲ ਉਨ੍ਹਾਂ ਨੇ ਆਪਣੀਆਂ ਫਰਿਆਦਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਦੀ ਪਹਿਲੀ ਫਰਿਆਦ ਸੀ ਕਿ ਜਦ ਬਰਫ ਪੈ ਜਾਂਦੀ ਹੈ ਤਾਂ ਉਨ੍ਹਾਂ ਲਈ ਪੀਣ ਦਾ ਪਾਣੀ ਕਿਧਰੋਂ ਨਹੀਂ ਮਿਲਦਾ। ਬਰਫ ਪਿਘਲਾਣੀ ਪੈਂਦੀ ਹੈ ਜਿਸ

ਲਈ ਅੱਗ ਬਾਲਣ-ਖਾਤਰ ਉਨ੍ਹਾਂ ਕੋਲ ਸਾਧਨ ਨਹੀਂ ਹਨ। ਗੁਰੂ ਨਾਨਕ ਦੇਵ ਜੀ ਨੇ ਆਸੇ ਪਾਸੇ ਦਾ ਜਾਇਜ਼ਾ ਲਿਆ।
ਧੁੱਪ ਵਿੱਚ ਲਿਸ਼ਕਦੇ ਚਾਂਦੀ ਵੰਨੇ ਪਰਬਤ ਇੱਕ ਇਲਾਹੀ ਨਜ਼ਾਰਾ ਦੇ ਰਹੇ ਸਨ। ਨੇੜੇ ਹੀ ਉਹ ਝੀਲ ਸੀ ਜਿਸ ਦਾ ਜਲ ਤੀਸਤਾ ਦਰਿਆ ਦੀ ਹਿੱਕ ਭਰਦਾ ਸੀ ਪਰ ਬਰਫਾਂ ਦਾ ਪਸਾਰਾ ਹੋਣ ਕਰਕੇ ਪੂਰੀ ਝੀਲ ਤੇ ਤੀਸਤਾ ਦਰਿਆ ਵੀ ਬਰਫਾਂ ਨਾਲ ਢਕੇ ਹੋਏ ਹਨ। ਦਸ ਫੁੱਟ ਬਰਫ ਥੱਲੇ ਛੁਪਿਆ ਪਾਣੀ ਕੱਢਣਾ ਕਿਸੇ ਵੀ ਚਰਵਾਹੇ ਦੇ ਵੱਸ ਤੋਂ ਬਾਹਰ ਸੀ।
ਪਰਬਤਾਂ ਦੀ ਯਾਤਰਾ ਸਮੇ ਗੁਰੂ ਨਾਨਕ ਆਪਣੇ ਕੋਲ ਲੰਬੀ ਡਾਂਗ ਰਖਦੇ ਹਨ। ਪਰਬਤਾਂ ਦੀ ਚੜ੍ਹਾਈ ਸਮੇਂ ਡਾਂਗ ਜਾਂ ਲਾਠੀ ਕੱਚੀ ਪਈ ਤਾਜ਼ਾ ਬਰਫ ਉਤੇ ਚੱਲਣ ਲਈ ਬਹੁਤ ਜ਼ਰੂਰੀ ਹੁੰਦੀ ਹੈ ਕਿਉਂਕਿ ਤਾਜ਼ਾ ਬਰਫ ਉਤੇ ਆਦਮੀ ਇੱਕ ਦਮ ਧੱਸ ਜਾਂਦਾ ਹੈ ਜਿਸ ਵਿਚੋਂ ਨਿਕਲਣ ਲਈ ਸਹਾਰੇ ਦੀ ਜ਼ਰੂਰਤ ਪੈਂਦੀ ਹੈ। ਇਸ ਲਾਠੀ ਤੇ ਭਾਰ ਪਾ ਕੇ ਧੁਸਿਆ ਆਦਮੀ ਆਪਣੇ ਆਪ ਨੂੰ ਬਰਫ਼ ਵਿਚੋਂ ਕੱਢ ਸਕਦਾ ਹੈ। ਚੜ੍ਹਾਈਆਂ ਚੜ੍ਹਦੇ ਵੇਲੇ ਵੀ ਇਹ ਡਾਂਗ ਬੜੀ ਮੱਦਦ ਕਰ ਸਕਦੀ ਹੈ ਜਿਸ ਦਾ ਸਹਾਰਾ ਲੈ ਕੇ ਚੜ੍ਹਣ ਉਤਰਨ ਵਿੱਚ ਸਹਾਰਾ ਮਿਲਦਾ ਹੈ। ਜਦ ਵੀ ਤੁਸੀਂ ਹੈਮ ਕੁੰਟ ਸਾਹਿਬ ਜਾਂ ਕਿਸੇ ਹੋਰ ਪਰਬਤ ਉਤੇ ਜਾਵੋ ਤਾਂ ਤੁਸੀਂ ਇੱਕ ਡਾਂਗ ਆਪਣੇ ਨਾਲ ਜ਼ਰੂਰ ਲਵੋਗੇ। ਗੁਰੂ ਨਾਨਕ ਦੇਵ ਜੀ ਨੇ ਵੀ ਡਾਂਗ ਆਪਣੇ ਸੱਜੇ ਹੱਥ ਵਿੱਚ ਫੜੀ ਹੋਈ ਹੋਵੇਗੀ। ਜਲ ਦੀ ਤਲਾਸ਼ ਵਿੱਚ ਉਹ ਝੀਲ ਦੇ ਕਿਨਾਰੇ ਪਹੁੰਚੇ। ਝੀਲ ਤਾਂ ਇੱਕ ਬਰਫੀਲਾ ਮੈਦਾਨ ਬਣੀ ਹੋਈ ਸੀ ਜਿਸ ਉਤੇ ਸੌਖਿਆਂ ਹੀ ਤੁਰਿਆ ਫਿਰਿਆ ਜਾ ਸਕਦਾ ਸੀ।
ਗੁਰੂ ਨਾਨਕ ਦੇਵ ਜੀ ਨੇ ਝੀਲ ਨੂੰ ਪਰਖਿਆ। ਸਾਰੇ ਚਰਵਾਹੇ ਉਤਸੁਕਤਾ ਨਾਲ ਗੁਰੂ ਨਾਨਕ ਦੇਵ ਜੀ ਦੇ ਉਦਾਲੇ ਆ ਖੜ੍ਹੇ ਹੋਏ। ਇੱਕ ਥਾਂ-ਟੋਹ ਪਰਖ ਕੇ ਗੁਰੂ ਨਾਨਕ ਦੇਵ ਜੀ ਨੇ ਝੀਲ ਦੀ ਬਰਫ ਵਿੱਚ ਡਾਂਗ ਨੂੰ ਸਿੱਧਾ ਗੱਡ ਦਿੱਤਾ। ਵਾਹ! ਥੱਲਿਓ ਸਾਫ, ਸਵੱਛ, ਨਿਰਮਲ ਜਲ ਨਿਕਲ ਆਇਆ। ਚਰਵਾਹੇ ਖੁਸ਼ੀ ਵਿੱਚ ਨੱਚਣ ਲੱਗੇ ਤੇ ਗੁਰੂ ਜੀ ਦੇ ਇਸ ਕ੍ਰਿਸ਼ਮੇ ਤੋਂ ਵਾਰੇ ਵਾਰੇ ਜਾਣ ਲੱਗੇ। ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਇਹ ਮਹਾਂ-ਮਾਨਵ ਜ਼ਰੂਰ ਹੀ ਰੱਬ ਦਾ ਭੇਜਿਆ ਦੂਤ ਹੈ, ਜਿਸ ਦੀ ਰੱਬ ਤਕ ਰਸਾਈ ਹੈ।
ਚਰਵਾਹਿਆਂ ਦੇ ਦੁੱਖਾਂ ਦੀਆਂ ਪੰਡਾਂ ਭਾਰੀਆਂ ਸਨ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਉਸ ਵਾਹਿਗੁਰੂ ਦੀ ਰਜ਼ਾ ਵਿੱਚ ਰਹਿਕੇ ਉਸਦੇ ਦਿਤੇ ਦੁੱਖ-ਸੁੱਖ ਸਹਿਣ-ਮਾਨਣ ਦਾ ਗਿਆਨ ਦਿਤਾ। ਇੱਕ ਚਰਵਾਹੇ ਨੇ ਬੇਨਤੀ ਕੀਤੀ ਕਿ ਉਨ੍ਹਾਂ ਦੇ ਖਾਨਦਾਨਾਂ ਵਿੱਚ ਵਾਧਾ ਨਹੀਂ ਹੋ ਰਿਹਾ। ਪਰਬਤਾਂ ਉਤੇ ਮਰਦਾਂ ਵਿੱਚ ਬੱਚੇ ਪੈਦਾ ਕਰਨ ਦੀ ਸ਼ਕਤੀ ਬੜੀ ਘੱਟ ਹੋ ਜਾਂਦੀ ਹੈ ਜਿਸ ਕਰਕੇ ਉਨ੍ਹਾਂ ਦੇ ਔਲਾਦ ਬੜੀ ਘੱਟ ਹੈ। ਗੁਰੂ ਨਾਨਕ ਦੇਵ ਜੀ ਨੇ ਵਰ ਦਿਤਾ ਕਿ ਜੋ ਕੋਈ ਇਸ ਝੀਲ ਦਾ ਜਲ ਛਕੇਗਾ ਉਸ ਵਿੱਚ ਅਥਾਹ ਸ਼ਕਤੀ ਭਰ ਜਾਵੇਗੀ। ਗੁਰੂ ਨਾਨਕ ਦੇਵ ਜੀ ਦੇ ਸਾਥੀਆਂ ਨੇ ਇਸ ਝੀਲ ਦਾ ਨਾਂ ਗੁਰੂ ਡਾਂਗ ਮਾਰ ਰੱਖਿਆ। ਗੁਰੂ ਜੀ ਨੇ ਹਿਦਾਇਤ ਕੀਤੀ ਕਿ ਜੇ ਇਸ ਨੂੰ ਪਵਿਤਰ ਰਖੋਗੇ ਤਾਂ ਪ੍ਰਮਾਤਮਾਂ ਦੀਆਂ ਦਿੱਤੀਆਂ ਦਾਤਾਂ ਦਾ ਅਨੰਦ ਮਾਣੋਗੇ। ਜੇ ਇਸ ਨੂੰ ਅਪਵਿੱਤਰ ਕੀਤਾ ਤਾਂ ਇਸ ਦੇ ਜਲ ਵਿਚੋਂ ਸ਼ਕਤੀ ਖਤਮ ਹੋ ਜਾਵੇਗੀ।
ਚਰਵਾਹਿਆਂ ਦੀਆਂ ਝੁੱਗੀਆਂ ਵਿੱਚ ਗੁਰੂ ਨਾਨਕ ਦੇਵ ਜੀ ਕੁੱਝ ਚਿਰ ਗੁਜ਼ਾਰ ਕੇ ਗੀਆਗਾਂਗ ਪਲਾਟੋ ਰਾਹੀ ਥਾਂਗੂ ਵਲ ਵਧ ਗਏ। ਚਰਵਾਹੇ ਉਨ੍ਹਾਂ ਦੀ ਯਾਦ ਵਿੱਚ ਗੁਆਚ ਗਏ। ਉਸ ਦਿਨ ਤੋਂ ਉਸ ਝੀਲ ਦਾ ਨਾਮ ਗੁਰੂ-ਡਾਂਗਮਾਰ ਪੈ ਗਿਆ। ਗੀਆਗਾਂਗ ਵਾਦੀ ਦਾ ਸਫਰ ਕਰਕੇ ਜਦ ਅਸੀਂ ਇਸ ਪਵਿਤਰ ਝੀਲ ਕੰਢੇ ਪਹੁੰਚੇ ਤਾਂ ਇਸਦਾ ਕੁੱਝ ਹਿਸਾ ਬਰਫ਼ ਨਾਲ ਢਕਿਆ ਹੋਇਆ ਸੀ। ਕੁੱਝ ਕੁ ਹਿੱਸੇ ਵਿੱਚ ਪਵਿਤਰ ਨੀਲਾ ਜਲ ਡਲਕਾਂ ਮਾਰਦਾ ਸੀ ਜਿਸ ਵਿੱਚ ਆਸੇ ਪਾਸੇ ਦੀਆਂ ਬਰਫੀਲੀਆਂ ਚੋਟੀਆਂ ਦਾ ਸਾਇਆ ਇੱਕ ਰੱਬੀ ਦ੍ਰਿਸ਼ ਪੇਸ਼ ਕਰਦਾ ਸੀ।
ਇਸ ਪਵਿਤਰ ਝੀਲ ਵਿਚੋਂ ਪਹਿਲਾਂ ਇੱਕ ਤਿੱਪ ਹੋਠਾਂ ਨਾਲ ਛੁਹਾਈ। ਜਦ ਇਸ ਦਾ ਜਲ ਅੰਦਰ ਪਹੁੰਚਿਆ ਤਾਂ ਇੱਕ ਅਨੋਖੀ ਝਰਨਾਹਟ ਛਿੜ ਗਈ। ਇਤਨਾਂ ਠੰਢਾ ਤੇ ਸ਼ਕਤੀ ਭਰਿਆ ਜਲ! ਅੱਖਾਂ ਹੀ ਖੁੱਲ੍ਹ ਗਈਆਂ। ਚਿਹਰੇ ਤੇ ਛਿੱਟੇ ਪਾਉਂਦਿਆਂ, ਖਿਆਲ ਆਇਆ ਕਿ ਕਿਉ ਂਨਾ ਇਸ ਪਵਿਤਰ ਜਲ ਵਿਚੋਂ ਇਸ਼ਨਾਨ ਕੀਤਾ ਜਾਵੇ, ਪਰ ਫਿਰ ਇਸ ਖਿਆਲ ਨਾਲ ਕਿ ਇਸ ਪਵਿਤਰ ਜਲ ਵਿੱਚ ਜੇ ਇਸ਼ਨਾਨ ਕੀਤਾ ਤਾਂ ਇਹ ਅਪਵਿੱਤਰ ਹੋ ਜਾਵੇਗਾ,

ਇਸਨਾਨ ਦਾ ਇਰਾਦਾ ਤਿਆਗ ਦਿੱਤਾ। ਗੁਰੂ ਨਾਨਕ ਦੇਵ ਜੀ ਦੀ ਯਾਦ ਕਰਨ ਲਈ ਚੌਕੜਾ ਮਾਰਕੇ ਧਿਆਨ ਧਰਿਆ ਤਾਂ ਜਾਪਿਆ ਜਿਓਂ ਚਾਰੇ ਪਾਸੇ ਸਵਰਗੀ ਨਜ਼ਾਰਾ ਹੋਵੇ। ਇੱਕ ਅਨੋਖਾ ਅਨੰਦ, ਇੱਕ ਅਨੂਠਾ ਨਸ਼ਾ ਮੇਰੇ ਉਪਰ ਛਾ ਗਿਆ ਤੇ ਮੇਰੇ ਮੂੰਹੋ ਅਛੋਪਲੇ 'ਧੰਨ ਨਿਰੰਕਾਰ, ਧੰਨ ਨਿਰੰਕਾਰ 'ਨਿਕਲਦਾ ਰਿਹਾ, ਨਿਰੰਕਾਰ ਜਿਸ ਦਾ ਪਾਸਾਰਾ ਸਿਰਫ ਉਸਦਾ ਆਪਣਾ ਹੈ, ਜਿਸਦੀ ਹੋਂਦ ਬੇਵਜੂਦੀ ਹੈ ਪਰ ਹਰ ਥਾਂ ਪ੍ਰਗਟ ਹੈ ਜਿਸ ਦੀ ਛੁਹ ਕਰਮਾਂ ਵਾਲੇ ਹੀ ਮਾਣ ਸਕਦੇ ਹਨ। ਜੋ ਪਲ ਉਸ ਸੱਚੇ ਨਾਲ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਸਦਕਾ ਲੰਘੇ ਉਹ ਤਾਂ ਹਮੇਸ਼ਾਂ ਲਈ ਅਭੁੱਲ ਹਨ। ਗਦ ਗਦ ਮਨ ਨਾਲ ਸਾਰੀ ਝੀਲ ਦੀ ਪਰਿਕਰਮਾ ਕੀਤੀ ਜੋ ਤਕਰੀਬਨ ਤਿੰਨ ਕਿਲੋਮੀਟਰ ਦੇ ਘੇਰੇ ਵਿੱਚ ਸੀ। ਫਿਰ ਕੁੱਝ ਚਿਰ ਬੈਠਕੇ ਦਾਤੇ ਦੀ ਮਹਿਮਾਂ ਨਿਹਾਰਦੇ ਰਹੇ।

ਸਮਾਂ ਥੋੜ੍ਹਾ ਹੋਣ ਕਰਕੇ ਤੇ ਅਗਲੀ ਜ਼ਿੰਮੇਵਾਰੀ ਨਿਭਾਉਣ ਖ਼ਾਤਰ ਸਾਨੂੰ ਚੜਾਈ ਚੜ੍ਹਨੀ ਸੀ। ਝੀਲ ਉਪਰਲੀ ਪਹਾੜੀ ਉਪਰ ਪਹੁੰਚਣਾ ਸੀ ਜੋ ਤਕਰੀਬਨ ਹੋਰ 2000 ਫੁੱਟ ਦੀ ਸਿੱਧੀ ਚੜ੍ਹਾਈ ਸੀ। ਝੀਲ ਦੇ ਜਲ ਨੇ ਸਰੀਰ ਵਿੱਚ ਪਤਾ ਨਹੀਂ ਕਿਹੋ ਜਿਹੀ ਅਥਾਹ ਸ਼ਕਤੀ ਭਰ ਦਿਤੀ ਕਿ ਜਿਸ ਪਰਬਤ ਉਤੇ ਚੜ੍ਹਣ ਲਈ ਆਮ ਆਦਮੀ ਨੂੰ 7-8 ਘੰਟੇ ਲੱਗਦੇ ਸਨ ਉਸ ਉਪਰ ਅਸੀਂ ਢਾਈ ਘੰਟੇ ਵਿੱਚ ਹੀ ਪਹੁੰਚ ਗਏ। ਇਸ ਪਹਾੜੀ ਤੋਂ ਆਸੇ ਪਾਸੇ ਦੇ ਇਲਾਕੇ ਉਤੇ ਬੜੀ ਚੰਗੀ ਤਰ੍ਹਾਂ ਨਿਗਾਹ ਰੱਖੀ ਜਾ ਸਕਦੀ ਸੀ। ਬਰਫੀਲੀਆਂ ਚੋਟੀਆਂ ਦਾ ਏਨਾਂ ਪਸਾਰਾ ਦੇਖ ਦੇ ਇੰਜ ਲਗਦਾ ਸੀ ਜਿਵੇਂ ਸਾਰੀ ਦੁਨੀਆ ਸਫੇਦ ਗਿਲਾਫ ਪਹਿਨੀ ਹੋਈ ਹੋਵੇ।

ਏਥੋਂ ਤਿੱਬਤ ਦੇ ਇਲਾਕੇ ਉਤੇ ਵੀ ਬੜੀ ਚੰਗੀ ਝਾਤ ਪੈਂਦੀ ਸੀ ਤੇ ਦੁਸ਼ਮਣਾਂ ਦੀ ਸੰਭਾਵਿਤ ਪਹੁੰਚ ਨੂੰ ਨਿਗਾਹ ਤੋਂ ਮਾਰ ਜਰੀਏ ਰੋਕਿਆ ਜਾ ਸਕਦਾ ਸੀ। ਇਹ ਇੱਕ ਚੰਗੀ ਨਿਗਾਹ ਬਾਨ ਚੌਂਕੀ ਸੀ ਜਿਸ ਤੋਂ ਗੀਆਗਾਂਗ ਪਲਾਟੋ ਤੇ ਲਾਚੁੰਗ ਵਾਦੀ ਦੋਨਾਂ ਨੂੰ ਜਾਣ ਵਾਲੇ ਰਸਤਿਆਂ ਦੀ ਚੰਗੀ ਦੇਖ ਭਾਲ ਹੋ ਸਕਦੀ ਸੀ। ਏਸ ਚੌਕੀ ਨੂੰ ਸਥਾਈ ਚੌਕੀ ਦੇ ਤੌਰ ਤੇ ਸਥਾਪਿਤ ਕਰਕੇ ਅਸੀਂ ਦਿਨ ਢਲੇ ਵਾਪਿਸ ਉਤਰੇ। ਉਤਰਦਿਆਂ ਸਾਨੂੰ ਮੁਸ਼ਕਿਲ ਨਾਲ ਇੱਕ ਘੰਟਾ ਲੱਗਿਆ। ਇਸ ਝੀਲ ਦੇ ਪਵਿਤਰ ਜਲ ਦੀ ਇੱਕ ਤਿਪ ਪੀ ਕੇ ਵਾਪਿਸ ਚਲ ਪਏ। ਹੈਰਾਨੀ ਦੀ ਗੱਲ ਇਹ ਕਿ ਇਸ ਜਲ ਨੂੰ ਛਕਣ ਪਿਛੋਂ ਅਸੀਂ ਇਤਨੀ ਉਚਾਈ ਚੜ੍ਹੇ ਤੇ ਤਕਰੀਬਨ ਸਾਰਾ ਦਿਨ ਬਿਨਾ ਕੁੱਝ ਖਾਧੇ ਪੀਤੇ ਗੁਜ਼ਾਰਿਆ ਪਰ ਭੁੱਖ ਉੱਕਾ ਹੀ ਨਹੀਂ ਲੱਗੀ। ਸ਼ਕਤੀ ਵੀ ਓਵੇਂ ਬਰਕਰਾਰ ਰਹੀ।

ਪਲਟਣ ਵਿੱਚ ਆਪਣੇ ਟਿਕਾਣੇ ਤੇ ਆਏ ਤਾਂ ਸ਼ਾਮੀ ਸਾਡੇ ਬ੍ਰੀਗੇਡ ਕਮਾਂਡਰ ਬ੍ਰੀਗੇਡੀਅਰ ਸਚਦੇਵ ਹੋਰਾਂ ਨਾਲ ਗੱਲ ਚੱਲੀ। ਉਹ ਇਸ ਝੀਲ ਬਾਰੇ ਉਤਸੁਕ ਹੋਏ ਤੇ ਇਸ ਝੀਲ ਉੱਪਰ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਇੱਕ ਗੁਰਦੁਵਾਰਾ ਸਾਹਿਬ ਬਨਾਉਣ ਦੀ ਪਲਾਨ-ਬਣ-ਗਈ। ਇੱਕ ਪੌਣਾ ਵੀ ਬਣਾਉਣਾ ਜ਼ਰੂਰੀ ਸੀ ਜਿਸ ਵਿੱਚ ਆਇਆ ਗਿਆ ਇਸ਼ਨਾਨ ਕਰ ਸਕੇ ਤਾਂ ਕਿ ਝੀਲ ਦਾ ਜਲ ਅਪਵਿੱਤਰ ਨਾ ਹੋਵੇ।

ਦੂਸਰੇ ਦਿਨ ਬ੍ਰੀਗੇਡੀਅਰ ਸਚਦੇਵਾ ਸਾਹਿਬ ਨਾਲ ਉਸ ਝੀਲ ਦੇ ਦਰਸ਼ਨ ਕਰਨ ਦਾ ਮੌਕਾ ਦੁਬਾਰਾ ਮਿਲਿਆ। ਇੱਕ ਅਨਹਦ ਨਾਦ ਵਿੱਚ ਗੜੂੰਦੇ ਸਵਰਗੀ ਨਜ਼ਾਰੇ ਮਾਣਦੇ ਪਰਤਦੇ ਅਸੀਂ ਇਹੋ ਸਲਾਹਾਂ ਕਰਦੇ ਆਏ ਕਿ ਇਸ ਥਾਂ ਗੁਰਦਵਾਰਾ ਸਾਹਿਬ ਤੇ ਇਸ਼ਨਾਨ ਘਰ ਕਿਵੇਂ ਤਿਆਰ ਕੀਤੇ ਜਾਣ।

ਹੋਰ ਸਿੱਖ ਜਗਿਆਸੂ ਅਫਸਰ ਵੀ ਨਾਲ ਮਿਲ ਗਏ ਤੇ ਇਹ ਤਹਿ ਹੋਇਆ ਕਿ ਝੀਲ ਉਪਰ ਵਾਲੀ ਪਹਾੜੀ ਜਿਥੇ ਇੱਕ ਕੰਪਨੀ ਲਾਉਣੀ ਨਿਸ਼ਚਿਤ ਹੋਈ ਹੈ ਪੰਜਾਬ ਪਲਟਣ ਨੂੰ ਭੇਜਿਆ ਜਾਵੇ ਤੇ ਉਥੇ ਇੱਕ ਓਪੀ ਪੋਸਟ ਵੀ ਹੋਵੇ। ਇਹ ਤਾਂ ਉਸ ਪਰਬਤ ਦੀ ਸਾਰਥਿਕ ਮਹੱਤਤਾ ਨੂੰ ਵੇਖ ਕੇ ਕੀਤਾ ਗਿਆ ਸੀ। ਨਾਲ ਹੀ ਇਹ ਵੀ ਤਹਿ ਹੋਇਆ ਕਿ ਪੰਜਾਬ ਰਜਮੈਂਟ ਦੀ ਮਦਦ ਇਥੇ ਗੁਰਦਵਾਰਾ ਸਾਹਿਬ ਸਥਾਪਿਤ ਕਰਨ ਲਈ ਜਾਵੇ।

ਕੰਮ ਛੇਤੀ ਹੀ ਸੁਰੂ ਹੋ ਗਿਆ ਤੇ ਇੱਕ ਗੁਰਦਵਾਰਾ ਸਾਹਿਬ ਤੇ ਇੱਕ ਇਸ਼ਨਾਨ ਘਰ ਬਣਾ ਲਏ ਗਏ। ਦੇਖ ਰੇਖ ਲਈ ਪੰਜਾਬ ਰੈਜਮੈਂਟ ਦੇ ਜਵਾਨ ਨਿਯੁਕਤ ਹੋਏ। ਮੈਂ ਵੀ ਵਿਚੋ-ਵਿਚ ਆਪਣੀ ਡਿਊਟੀ ਉਸ ਚੋਟੀ ਤੇ ਲਗਵਾ ਲੈਂਦਾ ਤੇ ਗੁਰਦਵਾਰਾ ਬਣਨ ਵਿੱਚ ਅਪਣਾ ਯੋਗਦਾਨ ਦਿੰਦਾ ਰਿਹਾ। ਗੁਰਦਵਾਰਾ ਸਾਹਿਬ ਬਣਨ ਬਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕਰਨੀ ਸੀ ਜਿਸ ਲਈ ਅਸੀਂ ਸਿਲੀਗੁੱੜੀਓਂ ਜਾ ਕੇ ਇੱਕ ਬੀੜ ਹੈਲੀਕਾਪਟਰ ਰਾਹੀਂ ਲੈ ਆਏ। ਕੋਰ ਕਮਾਂਡਰ ਜਨਰਲ ਜ਼ੇਐਮ੍ਸਿੰਘ ਨੇ ਇਸ ਗੁਰਦਵਾਰੇ ਸਾਹਿਬ ਉਸਾਰੀ ਮਾਰਗ ਤੇ ਹੈਲੀਪੈਡ ਆਦਿ ਬਨਵਾਣ ਵਿੱਚ ਖਾਸ ਦਿਲਚਸਪੀ ਲਈ। ਹੁਣ ਏਥੇ ਦੁਨੀਆਂ ਦਾ ਸਭ ਤੋਂ ਵੱਡੇ ਹੈਲੀਕਾਪਟਰ ਐਮ੍ਆਈ 26 ਬੜੀ ਅਸਾਨੀ ਨਾਲ ਉਤਰ ਸਕਦੇ ਹਨ ਤੇ ਗੁਰਦਵਾਰਾ ਸਾਹਿਬ ਤਕ ਪੱਕੀ ਸੜਕ ਜਾਂਦੀ ਹੈ।

ਚਾਹ ਪਾਣੀ ਦਾ ਸਮਾਨ ਵੀ ਇਸ ਗੁਰਦਵਾਰਾ ਸਾਹਿਬ ਵਿੱਚ ਰੱਖ ਦਿੱਤਾ ਗਿਆ ਤਾਂ ਕਿ ਯਾਤਰੂ ਠੰਢ ਦੇ ਮੌਕੇ ਇਥੇ ਆਪਣੇ ਆਪ ਨੂੰ ਗਰਮ ਰਖ ਸਕਣ। ਮੈਨੂੰ ਯਾਦ ਹੈ ਕਿ ਪਰਬਤ ਉੱਪਰ ਜਾਣ ਲਈ ਮੈਂ ਇਸ ਪਵਿੱਤਰ ਝੀਲ ਦੀ ਸਿਰਫ ਇੱਕ ਬੂੰਦ ਹੀ ਛਕਦਾ ਸਾਂ ਤੇ ਸਾਰਾ ਦਿਨ ਹੋਰ ਕੁੱਝ ਨਹੀਂ ਸੀ ਲੈਂਦਾ ਪਰ ਮੇਰੇ ਵਿੱਚ ਸ਼ਕਤੀ ਉਵੇਂ ਬਰਕਰਾਰ ਰਹਿੰਦੀ। ਨਾ ਹੀ ਕਮਜ਼ੋਰੀ ਮੇਰੇ ਨੇੜੇ ਢੁਕੀ ਤੇ ਨਾ ਹੀ ਪਹਾੜੀ ਉਪਰ ਚੜ੍ਹਣ ਦਾ ਜਾਨ-ਜੋਖੋਂ ਭਰਿਆ ਕੰਮ ਮੈਨੂੰ ਕਦੇ ਔਖਾ ਜਾਪਿਆ।

ਇਸ ਪਵਿੱਤਰ ਝੀਲ ਦੀ ਮਸ਼ਹੂਰੀ ਸਾਰੀ ਸੈਨਾ ਵਿੱਚ ਫੈਲ ਗਈ। ਪਵਿਤਰ ਜਲ ਨੂੰ ਪਹਿਲਾਂ ਬੋਤਲਾਂ ਵਿੱਚ ਤੇ ਫਿਰ ਜੈਰੀਕੇਨਾਂ ਵਿੱਚ ਭਰਕੇ ਲਿਜਾਇਆ ਜਾਣ ਲਗ ਪਿਆ ਤੇ ਯਾਤਰੂ ਇ...ਨਾਨ ਵੀ ਝੀਲ ਵਿੱਚ ਕਰਨ ਲੱਗ ਪਏ ਜਿਸ ਕਰਕੇ ਇਸ ਝੀਲ ਦੀ ਪਵਿਤਰਤਾ ਭੰਗ ਹੋਣ ਦਾ ਖਤਰਾ ਹੋ ਗਿਆ। ਹੋਰ ਤਾਂ ਹੋਰ ਇਸ ਝੀਲ ਦੀ ਜਲ ਦੀ ਸ਼ਕਤੀ ਦਾ ਏਨਾਂ ਪਰਚਾਰ ਹੋਇਆ ਕਿ ਡਰਾਈਵਰ ਆਪਣੇ ਰੇਡੀਏਟਰ ਵਿੱਚ ਜਲ ਦੀ ਤਿਪ ਪਾਉਂਦੇ ਤੇ ਮੰਨਦੇ ਕਿ ਰੇਡੀਏਟਰ ਦਾ ਪਾਣੀ ਮਾਈਨਸ ਤੀਹ ਡਿਗਰੀ ਟੈਂਪਰੇਚਰ ਵਿੱਚ ਵੀ ਨਹੀਂ ਜੰਮਦਾ ਸੀ।

ਜਿਉਂ ਜਿਉਂ ਪਲਾਟੋ ਵਿੱਚ ਸੈਨਾ ਵਧਦੀ ਗਈ ਝੀਲ ਉਪਰ ਆਉਣ ਵਾਲੇ ਯਾਤਰੂ ਵਧਦੇ ਗਏ। ਹੌਲੀ ਹੌਲੀ ਅਸੀਂ ਏਥੇ ਇੱਕ ਹੈਲੀਪੈਡ ਬਣਾਉਣ ਵਿੱਚ ਕਾਮਯਾਬ ਹੋਏ ਤੇ ਗੀਆਗਾਂਗ ਤਕ ਪੱਕੀ ਸੜਕ ਵੀ ਬਣ ਗਈ ਜਿਸ ਦਾ ਨਾਂ ਗੁਰੂ ਨਾਨਕ ਮਾਰਗ ਰੱਖਿਆ ਗਿਆ। ਗੰਗਟੋਕ ਤੋਂ ਗੀਆਗਾਂਗ ਤਕ ਫੌਜੀ ਬੱਸ ਚਲ ਪਈ ਜਿਸ ਦਾ ਨਾਮ ਗੁਰੂਡਾਂਗਮਾਰ ਐਕਸਪ੍ਰੈਸ ਰਖਿਆ ਗਿਆ। ਏਸੇ ਪਲੈਟੋ ਉੱਪਰ ਦੁਨੀਆਂ ਦਾ ਸਭ ਤੋਂ ਉਚਾ ਗੋਲਫ ਕੋਰਸ ਵੀ ਬਣ ਗਿਆ। ਅਠਾਰਾਂ ਹਜ਼ਾਰ ਫੁਟ ਦੀ ਉਚਾਈ ਤੇ ਏਨਾ ਕੁੱਝ ਚਾਰ ਪੰਜ ਸਾਲਾਂ ਵਿੱਚ ਹੋ ਜਾਣਾ ਅਸੰਭਵ ਨੂੰ ਸੰਭਵ ਬਣਾਏ ਜਾਣ ਦਾ ਕ੍ਰਿਸ਼ਮਾ ਸੀ ਜੋ ਗੁਰੂ ਨਾਨਕ ਦੇਵ ਜੀ ਦੀ ਮਿਹਰ ਸਦਕਾ ਹੀ ਹੋ ਸਕਿਆ। ਬੋਧੀਆਂ ਨੇ ਇਥੇ ਗੁਰੂ ਨਾਨਕ ਦੇਵ ਜੀ ਦੀ ਯਾਤਰਾ ਦੀ ਯਾਦ ਵਿੱਚ ਵਡਾ ਮੇਲਾ ਲਾਉਣਾ ਸ਼ੁਰੂ ਕਰ ਦਿਤਾ ਜਿਸ ਵਿੱਚ ਹਰ ਧਰਮ ਦੇ ਲੋਕ ਸ਼ਾਮਿਲ ਹੋਣ ਲੱਗੇ।

ਹੌਲੀ ਹੋਲੀ ਏਥੇ ਇੱਕ ਹਿੰਦੂ ਮੰਦਿਰ ਵੀ ਸਥਾਪਿਤ ਹੋ ਗਿਆ। ਯਾਤਰੂਆਂ ਦੀ ਗਿਣਤੀ ਏਨੀ ਵਧ ਗਈ ਕਿ ਝੀਲ ਦਾ ਜਲ ਗੰਧਲਾ ਹੋਣਾ ਸ਼ੁਰੂ ਹੋ ਗਿਆ ਤੇ ਇਹ ਖਤਰਾ ਪੈਦਾ ਹੋ ਗਿਆ ਕਿ ਗੁਰੂ ਡਾਂਗਮਾਰ ਝੀਲ ਦੀ ਪਵਿਤਰਤਾ ਬਰਕਰਾਰ ਨਹੀ ਰਹੇਗੀ।

ਇਹ ਦੇਖਦੇ ਹੋਏ ਏਥੇ ਜਾਣ ਵਾਲ ਯਾਤਰੂਆਂ ਉਪਰ ਪਾਬੰਦੀ ਲਾਈ ਗਈ। ਪਰ ਇਹ ਪਾਬੰਦੀ ਵਧਦੇ ਵਧਦੇ ਇਤਨੀ ਵਧ ਗਈ ਕਿ ਇਥੇ ਜਾਣਾ ਹੀ ਬਹੁਤ ਮੁਸ਼ਕਿਲ ਹੋ ਗਿਆ। ਅੱਜ ਕਲ੍ਹ ਇਸ ਝੀਲ ਤਕ ਜਾਣ ਲਈ ਸੈਨਾ ਮੁਖਿਆਲੇ ਤੋਂ ਅਤੇ ਸਿਕਿਮ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ।

ਅਗਸਤ-ਸਤੰਬਰ ਤੇ ਅਕਤੂਬਰ ਤਿੰਨ ਮਹੀਨੇ ਤੇ ਫਿਰ ਅੱਧ ਮਾਰਚ ਤੇ ਅੱਧ ਅਪਰੈਲ ਤਕਰੀਬਨ ਇੱਕ ਮਹੀਨਾ ਸਾਫ਼ ਏਥੇ ਰਹਿਣ ਦਾ ਮੌਕਾ ਮਿਲਦਾ ਰਿਹਾ ਕਿਉਂਕਿ ਬਾਕੀ ਸਾਰਾ ਸਾਲ ਏਥੇ ਭਾਰੀ ਬਰਫ ਪਈ ਰਹਿੰਦੀ ਹੈ ਤੇ ਆਉਣ ਜਾਣ ਦੇ ਰਸਤੇ ਬੰਦ ਹੋ ਜਾਂਦੇ ਹਨ। ਇਹੋ ਸਮਾਂ ਹੀ ਹੈ ਜਦ ਏਥੇ ਯਾਤਰੂ ਜਾ ਸਕਦੇ ਹਨ। ਸੰਨ 1992 ਤਕ ਏਸ ਖੇਤਰ ਵਿੱਚ ਰਿਹਾ ਤੇ ਗੁਰੂ ਜੀ ਦੀ ਮਿਹਰ ਸਦਕਾ ਝੀਲ ਤੱਕ ਮੋਟਰ ਗੱਡੀਆਂ ਦਾ, ਵਧੀਆ ਰਸਤਾ ਵੱਡੇ ਹੈਲੀ ਕਾਪਟਰਾਂ ਦਾ ਹੈਲੀ ਪੈਡ ਤੇ ਇੱਕ ਸੁੰਦਰ ਗੁਰਦਵਾਰਾ ਇਸ ਥਾਂ ਬਣਾ ਦਿਤੇ ਗਏ। ਇਸ ਤਰ੍ਹਾਂ ਥਾਂਗੂ ਤੇ ਮੁਗੂਥਾਂਗ ਵੀ ਗੁਰੂ ਜੀ ਦੇ ਸਥਾਨ ਬਣੇ। ਦਿੱਲੀ ਦੀਆਂ ਸੰਗਤਾਂ ਦੇ ਜੱਥੇ ਮੇਰੇ ਪਰਮ ਮਿਤਰ ਸ: ਹਰਭਜਨ ਸਿੰਘ ਸੇਤੀਆ ਦੀ ਅਗਵਾਈ ਹੇਠ ਇਨ੍ਹਾਂ ਸਥਾਨਾਂ ਦੀ ਯਾਤਰਾ ਲਈ ਅਉਣ ਲੱਗ ਪਏ। ਗੁਰੂ ਨਾਨਕ ਦੇਵ ਜੀ ਦੇ ਚਰਨ-ਚਿੰਨ੍ਹਾਂ ਦੀਆਂ ਇਹ ਛਾਪਾਂ ਸਦੈਵ ਲਈ ਉਜਾਗਰ ਹੋ ਗਈਆਂ ਹਨ।

ਏਥੇ ਜਾਣ ਲਈ ਦਿੱਲੀ ਤੋਂ ਰਸਤਾ ਇਹ ਹੈ। ਦਿੱਲੀ ਤੋਂ ਹਵਾਈ ਜਹਾਜ਼ ਜਾਂ ਰਾਜਧਾਨੀ ਜਾਂ ਨਾਰਥ ਈਸਟ ਐਕਸਪ੍ਰੈਸ ਰਾਹੀਂ ਸਿਲੀਗੁੜੀ ਪਹੁੰਚੋ। ਸਿਲੀਗੁੜੀ ਹੋਟਲ ਜਾਂ ਗੁਰਦਵਾਰਾ ਸਾਹਿਬ ਵਿੱਚ ਰਹਿਣ ਦਾ ਵਧੀਆ ਬੰਦੋਬਸਤ ਹੈ। ਦੂਸਰੇ ਦਿਨ ਗੰਗਟੌਕ ਪਹੁੰਚ ਕੇ ਗੁਰਦਵਾਰਾ ਸਾਹਿਬ ਜਾਂ ਤਿਬਤ ਹੋਟਲ ਆਦਿ ਵਿੱਚ ਰਾਤ ਗੁਜ਼ਾਰੀ ਜਾ ਸਕਦੀ ਹੈ। ਅਗਲੇ ਦਿਨ ਜੀਪ ਕਰਾਏ ਤੇ ਲੈ ਕੇ ਜਾਂ ਬਸ ਰਾਹੀਂ ਚੁੰਗਥਾਂਗ ਸ਼ਾਮ ਤਕ ਪਹੁੰਚ ਸਕੀਦਾ ਹੈ। ਫਿਰ ਜੀਪ ਜਰੀਏ ਅਗਲੇ ਦਿਨ ਹੀ ਲਚਿਨ, ਥਾਂਗੂ ਤੇ ਗੁਰੂ ਡਾਂਗਮਾਰ ਦੇ ਦਰਸ਼ਨ ਹੋ ਸਕਦੇ ਹਨ। ਇੱਕ ਦਿਨ ਹੋਰ ਹੋਵੇ ਤਾਂ ਲਾਚੁੰਗ ਤੇ ਤੱਤੇ ਪਾਣੀ ਦੇ ਚਸ਼ਮੇ ਵੀ ਵੇਖੇ ਜਾ ਸਕਦੇ ਹਨ।


ਸੰਨ 1995 ਤੋਂ 97 ਤਕ ਏਥੇ ਦਿੱਲੀ ਤੱਕ ਤੋਂ ਸਿਖ-ਯਾਤਰੀਆਂ ਦੇ ਜੱਥੇ ਪਹੁੱਚਦੇ ਸਨ ਪਰ ਸੰਨ 1998 ਵਿੱਚ ਸਿੱਖ ਯਾਤਰੂਆਂ ਨੂੰ ਇਥੇ ਪਹੁੰਚਣ ਦੀ ਇਜ਼ਾਜ਼ਤ ਨਹੀਂ ਮਿਲੀ। ਇਹ ਵੀ ਅਫਵਾਹ ਉੱਡੀ ਕਿ ਸਿਕਿਮ ਸਰਕਾਰ ਨੇ ਜਾਂ ਫੌਜਾਂ ਨੇ ਇਸ ਇਲਾਕੇ ਦੀ ਫੌਜੀ ਮਹੱਤਤਾ ਕਰਕੇ ਇਥੇ ਯਾਤਰੂਆਂ ਦਾ ਜਾਣਾ ਉੱਕਾ ਹੀ ਬੰਦ ਕਰ ਦਿਤਾ ਹੈ। ਪਿਛਲੇ ਸਾਲ ਜਦੋਂ ਮੇਰੀ ਜੱਥੇ ਨਾਲ ਗੁਰੂ ਡਾਂਗਮਾਰ ਜਾਣ ਦੀ ਪਲਾਨ ਬਣੀ ਤਾਂ ਸੈਨਾ ਮੁਖਆਲਿਆਂ ਤੋਂ ਏਥੇ ਨਾ ਜਾਣ ਬਾਰੇ ਆਦੇਸ਼ ਮਿਲਿਆ। ਪਿਛੋਂ ਇਹ ਵੀ ਖਬਰ ਛਪੀ ਕਿ ਸੈਨਾ ਨੇ ਇਸ ਗੁਰਦਵਾਰਾ ਸਾਹਿਬ ਨੂੰ ਢਾਹੁਣ ਦਾ ਆਦੇਸ਼ ਦਿਤਾ ਹੈ ਤੇ ਟਹੁੜਾ ਸਾਹਿਬ ਨੇ ਡਿਫੈਂਸ ਮਿਨਿਸਟਰ ਨੂੰ ਇਸ ਬਾਰੇ ਤਾਰ ਦਿਤੀ ਹੈ ਕਿ ਗੁਰੂ ਡਾਂਗ-ਮਾਰ ਸਾਹਿਬ ਦੀ ਹੋਂਦ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਜਾਵੇ। ਡਿਫੈਂਸ ਮਨਿਸਟਰ ਨੇ ਇਸ ਬਾਰੇ ਆਦੇਸ਼ ਵੀ ਦਿਤੇ ਸਨ।

ਮੈਂ ਅਪਣੇ ਵਸੀਲਿਆਂ ਤੋਂ ਪਤਾ ਕੀਤਾ ਤਾਂ ਪਤਾ ਲਗਿਆ ਕਿ ਸੈਨਾ ਨੇ ਇਹੋ ਜਿਹਾ ਕੋਈ ਕਦਮ ਨਹੀਂ ਚੁਕਿਆ ਪਰ ਕਰਮਾਪਾ ਬੋਧੀਆਂ ਨੇ ਇਸ ਝੀਲ ਨੂੰ ਸਿਰਫ ਆਪਣੇ ਨਾਲ ਹੀ ਸਬੰਧਤ ਰੱਖਣ ਲਈ ਸਿਕਿਮ ਸਰਕਾਰ ਉਤੇ ਪ੍ਰਭਾਵ ਪਾਇਆ ਤੇ ਦਿੱਲੀ ਅਤੇ ਪੰਜਾਬ ਦੇ ਯਾਤਰੂਆਂ ਦੇ ਰਾਹ ਵਿੱਚ ਰੁਕਾਵਟ ਖੜੀ ਕੀਤੀ।

ਇਸ ਸਥਾਨ ਦੀ ਦੇਖ-ਭਾਲ ਹੁਣ ਤਕਰੀਬਨ ਨਾਂਹ ਬਰਾਬਰ ਹੀ ਜਾਪਦੀ ਹੈ। ਆਸ਼ਾ ਹੈ ਗੁਰਦਵਾਰਾ ਪ੍ਰਬੰਧਕ ਕਮੇਟੀ ਇਸ ਵਿਸ਼ੇ ਤੇ ਜਲਦੀ ਹੀ ਵਿਚਾਰ ਕਰੇਗੀ ਤੇ ਸਥਾਈ ਤੌਰ ਤੇ ਚੁੰਗਥਾਂਗ ਤੇ ਗੁਰੂ ਡਾਂਗਮਾਰ ਦੇ ਸਥਾਨਾਂ ਦੀ ਦੇਖਭਾਲ ਦੀ ਜ਼ਿਮੇਵਾਰੀ ਆਪਣੇ ਸਿਰ ਲਵੇਗੀ।

## 6. ਫੋਦੌਂਗ ਮੱਠ- ਜਿੱਥੇ ਨਾਨਕ ਲਾਮਾ ਦੀ ਗੱਦੀ ਅਜੇ ਤਕ ਚਲਦੀ ਹੈ

ਚੁੰਗਥਾਂਗ ਤੋਂ ਗੁਰੂ ਜੀ ਦੀ ਅਗਲੀ ਯਾਤਰਾ ਫੋਦੌਂਗ ਦੀ ਹੈ ਜਿਸ ਦੀ ਯਾਦ ਵਿੱਚ ਇੱਕ ਵਿਸ਼ਾਲ ਮੱਠ ਹੈ। ਇਸ ਮੱਠ ਦਾ ਮੁੱਖ ਲਾਮਾ ਗੁਰੂ ਨਾਨਕ ਦੇਵ ਜੀ ਦਾ ਰੂਪ ਮੰਨਿਆਂ ਜਾਂਦਾ ਹੈ।



ਫੋਦੌਂਗ ਮੱਠ- ਜਿੱਥੇ ਨਾਨਕ ਲਾਮਾ ਦੀ ਗੱਦੀ ਅਜੇ ਤਕ ਚਲਦੀ ਹੈ

ਅਜੋਕੇ ਮੁੱਖ ਲਾਮਾ ਨੂੰ ਨਾਨਕ ਲਾਮਾ ਦੇ ਰੂਪ ਵਿੱਚ ਸੰਨ 1989 ਵਿੱਚ ਸਥਾਪਿਤ ਕੀਤਾ ਗਿਆ ਸੀ ਜਿਸ ਦੇ ਜਸ਼ਨ ਵਿੱਚ ਇਨ੍ਹਾਂ ਸਤਰਾਂ ਦਾ ਲਿਖਾਰੀ ਵੀ ਮਹਿਮਾਨ ਵਜੋਂ ਸ਼ਾਮਿਲ ਸੀ ਤੇ ਇਸ ਪਰਬ ਦੀ ਚਰਚਾ ਏਥੋਂ ਦੇ ਹਰ ਲੋਕਲ ਅਖਬਾਰ ਵਿੱਚ ਸੀ।

ਏਥੋ ਵਾਪਿਸ ਚੁੰਗਥਾਂਗ ਹੁੰਦੇ ਹੋਏ ਗੁਰੂ ਜੀ ਲਾਚੁੰਗ (ਉਚਾਈ 9500 ਫੁੰਟ) ਪਹੁੰਚੇ। ਲਾਚੁੰਗ ਮੱਠ ਪਹਾੜੀ ਦੀ ਸਿਖਰ ਤੇ ਹੈ ਜਿੱਥੇ ਗੁਰੂ ਨਾਨਕ ਨਾਲ ਸਬੰਧਤ ਅਦਭੁਤ ਚਿਤਰਕਾਰੀ ਕੀਤੀ ਹੋਈ ਹੈ ਜਿਸ ਵਿਚੋਂ ਜ਼ਿਆਦਾਤਰ ਮੱਧਮ ਪੈ ਗਈ ਹੈ। ਅੱਗੇ ਭੂਟਾਨ ਵਲ ਜਾਣ ਤੋਂ ਪਹਿਲਾਂ ਗੁਰੂ ਜੀ ਯੁਮਥਾਂਗ ਰੁਕੇ ਜਿੱਥੋਂ ਦੇ ਲੋਕੀ ਪਾਣੀ ਦੀ ਘਾਟ ਕਰਕੇ ਨਹਾਉਣੋਂ ਵਾਂਝੇ ਬਦਬੂ ਮਾਰਦੇ ਸਨ। ਗੁਰੂ ਜੀ ਨੇ ਇੱਕ ਪੱਥਰ ਚੁਕ ਕੇ ਗਰਮ ਪਾਣੀ ਦਾ ਚਸ਼ਮਾ ਸਦਾ ਲਈ ਵਗਾ ਦਿਤਾ ਜਿਸ ਨਾਲ ਇਨ੍ਹਾਂ ਲੋਕਾਂ ਨੇ ਮਲ ਮਲ ਕੇ ਅਪਣੀ ਗੰਦਗੀ ਉਤਾਰੀ ਤੇ ਗੁਰੂ ਜੀ ਦੇ ਸ਼ਰਧਾਵਾਨ ਹੋ ਗਏ। ਇਥੋਂ ਨਿਕਲਦਾ ਪਾਣੀ ਛੋਟੀ ਨਦੀ ਦਾ ਰੂਪ ਧਾਰਣ ਕਰ ਗਿਆ। ਯੁਮਥਾਂਗ ਤੋਂ ਅੱਗੇ ਗੁਰੂ ਜੀ ਪਿਆਕੋਚਿਨ ਪਹੁੰਚੇ ਜਿਥੇ ਗੁਰੂ ਨਾਨਕ ਦੇਵ ਜੀ ਦੀ ਯਾਦ ਪੱਥਰ ਉੱਪਰ ਗੁਰਮੁਖੀ ਵਿੱਚ ਉੱਕਰੀ ਹੋਈ ਹੈ।